ਅਕਤੂਬਰ/ਨਵੰਬਰ/ਦਸੰਬਰ, 1989

October/November/December, 1989

# ਵਤਨ



ਕੀਮਤ ਦੋ ਡਾਲਰ

# ਸੰਪਾਦਕੀ

'ਵਤਨ' ਦੇ ਪ੍ਰਵੇਸ਼ ਅੰਕ ਨੂੰ ਲੇਖਕਾਂ, ਪਾਠਕਾਂ/ਦੋਸਤਾਂ ਵਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਬਹੁਤ ਸਾਰੇ ਦੋਸਤਾਂ ਨੇ ਖੱਤਾਂ ਰਾਹੀਂ ਪਰਚੇ ਨੂੰ ਜੀ ਆਇਆਂ ਆਖਿਆ ਹੈ ਤੇ ਉਸ ਤੋਂ ਵੀ ਕਿਤੇ ਵੱਧ ਲੋਕਾਂ ਨੇ ਫੋਨ ਰਾਹੀਂ ਜਾਂ ਜ਼ਬਾਨੀ ਪਰਚੇ ਬਾਰੇ ਆਪਣੇ ਪ੍ਰਭਾਵ ਸਾਡੇ ਨਾਲ ਸਾਂਝੇ ਕੀਤੇ ਹਨ ਅਤੇ ਕੀਮਤੀ ਸੁਝਾਅ ਦਿੱਤੇ ਹਨ। ਇਸ ਨਾਲ ਕੁਦਰਤੀਂ ਸਾਨੂੰ ਖੁਸ਼ੀ ਵੀ ਹੋਈ ਹੈ ਪਰ ਉਸ ਤੋਂ ਵੀ ਵੱਧ ਜ਼ਿੰਮੇਵਾਰੀ ਦਾ ਅਹਿਸਾਸ ਵਧਿਆ ਹੈ ਕਿ ਕੀ ਅਸੀਂ ਤੁਹਾਡੀ ਆਸ ਤੇ ਪੂਰੇ ਉੱਤਰ ਵੀ ਸਕਾਂਗੇ ਕਿ ਨਹੀਂ ? ਇਸ ਵਕਤ ਸਿਰਫ ਇਹ ਕਹਿ ਸਕਦੇ ਹਾਂ ਕਿ ਆਪਣੀ ਵਲੋਂ ਪੂਰੀ ਕੋਸ਼ਿਸ਼ ਕਰਾਂਗੇ ਪਰ ਪਾਠਕਾਂ, ਲੇਖਕਾਂ ਤੇ ਦੋਸਤਾਂ ਦੇ ਸਹਿਯੋਗ ਤੋਂ ਬਿਨ੍ਹਾਂ ਕੋਈ ਵੀ ਗੱਲ ਸੰਭਵ ਨਹੀਂ ਲਗਦੀ।

ਅੱਜ ਭਾਰਤ ਤੋਂ ਬਾਹਰ, ਖਾਸ ਕਰਕੇ ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਸਾਹਿਤ ਲਿਖਿਆ ਜਾ ਰਿਹਾ ਹੈ। ਪਰ ਇਸ ਰਚੇ ਜਾ ਰਹੇ ਸਾਹਿਤ ਨੂੰ ਠੋਸ ਤਰੀਕੇ ਨਾਲ ਬਾਕੀ ਦੇ ਪੰਜਾਬੀ ਜਗਤ ਨਾਲ ਸਾਂਝਾ ਕਰਨ ਵਾਲੇ ਪਰਚਿਆਂ/ਅਖਬਾਰਾਂ ਦੀ ਘਾਟ ਸਦਾ ਰੜਕਦੀ ਹੈ। ਸਾਡੀ ਖਾਹਿਸ਼ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਲਿਖੇ ਜਾ ਰਹੇ ਪੰਜਾਬੀ ਸਾਹਿਤ ਨੂੰ 'ਵਤਨ' ਵਿਚ ਛਾਪਕੇ ਪਾਠਕਾਂ ਤੱਕ ਮੌਲਿਕ ਰੂਪ ਵਿਚ ਅੱਪੜਦਾ ਕਰੀਏ। ਇਸ ਨਾਲ ਜਿੱਥੇ 'ਵਤਨ' ਇਕ ਵਿਲੱਖਣ ਪਰਚੇ ਦੇ ਤੌਰ ਤੇ ਸਥਾਪਤ ਹੋਵੇਗਾ ਉੱਥੇ ਇਨ੍ਹਾਂ ਦੇਸ਼ਾਂ ਵਿਚ ਲਿਖੇ ਜਾ ਰਹੇ ਸਾਹਿਤ ਨੂੰ ਵੀ ਆਪਣਾ ਮੰਚ ਪ੍ਰਾਪਤ ਹੋਵੇਗਾ। ਕਿਉਂਕਿ ਇਨ੍ਹਾਂ ਮੁਲਕਾਂ ਵਿਚ ਪੰਜਾਬੀ ਕਮਿਉਨਟੀਆਂ ਆਪਣੇ ਵਿਕਾਸ ਦੇ ਵੱਖ ਵੱਖ ਪੜਾਵਾਂ ਵਿਚ ਦੀ ਲੰਘ ਰਹੀਆਂ ਹਨ ਇਸ ਲਈ ਅਸੀਂ ਚਾਹੁੰਦੇ ਹਾਂ ਕਿ ਇਨ੍ਹਾਂ ਕਮਿਉਨਟੀਆਂ ਦੇ ਸਾਹਿਤ ਤੋਂ ਬਿਨ੍ਹਾਂ ਦੂਜੇ ਪੱਖਾਂ - ਸਭਿਆਚਾਰਕ, ਰਾਜਨੀਤਕ ਅਤੇ ਆਰਥਿਕ- ਉਪਰ ਵੀ ਲੇਖ ਅਤੇ ਗੰਭੀਰ ਟਿੱਪਣੀਆਂ ਛਾਪੀਏ - ਜੋ ਹੁਣ ਹੋ ਰਿਹਾ ਹੈ ਉਸਨੂੰ ਗੰਭੀਰਤਾ ਨਾਲ ਰੀਕਾਰਡ ਕਰੀਏ ਤਾਂ ਕਿ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਲਾਹੇਵੰਦ ਹੋ ਸਕੇ। ਇਸ ਲਈ ਅਸੀਂ ਇਨ੍ਹਾਂ ਦੇਸ਼ਾਂ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਨੂੰ ਖਾਸ ਤੌਰ ਤੇ ਸਹਿਯੋਗ ਲਈ ਅਪੀਲ ਕਰਦੇ ਹਾਂ। ਇਸਦੇ ਨਾਲ ਹੀ ਕਿਉਂਕਿ ਬਾਹਰਲੇ ਦੇਸ਼ਾਂ ਵਿਚ ਰਹਿ ਰਹੇ ਪੰਜਾਬੀਆਂ ਦਾ ਭਾਰਤ ਨਾਲ ਇਕ ਅਟੁੱਟ ਰਿਸ਼ਤਾ ਹੈ ਇਸ ਲਈ ਅਸੀਂ ਭਾਰਤ ਬਾਰੇ ਵੀ ਪ੍ਰਾਸੰਗਿਕ ਰੂਪ ਵਿਚ ਲਿਖਤਾਂ ਛਾਪਾਂਗੇ। ਇਸ ਲਈ ਪੰਜਾਬ ਵਿਚ ਅਤੇ ਭਾਰਤ ਦੇ ਹੋਰ ਹਿਸਿਆਂ ਵਿਚ ਰਹਿ ਰਹੇ ਪੰਜਾਬੀ ਲੇਖਕਾਂ ਵਲੋਂ ਆਉਣ ਵਾਲੀਆਂ ਲਿਖਤਾਂ ਦਾ ਸਦਾ ਸੁਆਗਤ ਰਹੇਗਾ।

ਅਸੀਂ ਲੇਖਕ ਦੋਸਤਾਂ ਨੂੰ ਇਕ ਖਾਸ ਅਪੀਲ ਇਹ ਕਰਨੀ ਚਾਹੁੰਦੇ ਹਾਂ ਕਿ ਉਹ ਸਾਨੂੰ ਆਪਣੀਆਂ ਮੌਲਿਕ ਰਚਨਾਵਾਂ ਹੀ ਭੇਜਣ। ਦੂਜੇ ਪਰਚਿਆਂ ਵਿਚ ਜਾਂ ਹੋਰ ਕਿਧਰੇ ਪਹਿਲਾਂ ਛਪੀਆਂ ਰਚਨਾਵਾਂ ਛਾਪ ਕੇ ਪੰਜਾਬੀ ਸਾਹਿਤ ਨੂੰ ਅਸੀਂ ਬਹੁਤਾ ਫਾਇਦਾ ਨਹੀਂ ਪਹੁੰਚਾ ਸਕਾਂਗੇ। ਸਾਡੀ ਇਹ ਕੋਸ਼ਿਸ਼ ਰਹੇਗੀ ਕਿ ਪਰਚੇ ਵਿਚ ਮੌਲਿਕ ਰਚਨਾਵਾਂ ਹੀ ਹੋਣ। 'ਵਤਨ' ਦੇ ਪਾਠਕਾਂ ਨੂੰ ਵੀ ਬੇਨਤੀ ਹੈ ਕਿ ਉਹ ਪਰਚੇ ਵਿਚ ਛਪੀਆਂ ਰਚਨਾਵਾਂ ਬਾਰੇ ਜਾਂ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਪੰਜਾਬੀ ਲੋਕਾਂ ਦੇ ਜੀਵਨ ਨਾਲ ਸਬੰਧਤ ਕਿਸੇ ਵੀ ਪੱਖ ਬਾਰੇ ਆਪਣੇ ਵਿਚਾਰ ਜ਼ਰੂਰ ਲਿਖ ਕੇ ਭੇਜਣ ਇਸ ਨਾਲ ਪੰਜਾਬੀ ਲੇਖਕਾਂ ਅਤੇ ਪੰਜਾਬੀ ਪਾਠਕਾਂ ਵਿਚਕਾਰ ਵਾਰਤਾਲਾਪ ਛੇੜਨ ਵਿਚ ਮੱਦਦ ਮਿਲੇਗੀ।

* * * * * *

1989 ਦਾ ਸਾਲ ਕੈਨੇਡਾ ਵਿਚ ਤੇ ਖਾਸ ਕਰਕੇ ਵੈਨਕੂਵਰ ਵਿਚ ਭਾਰਤੀ ਕਮਿਉਨਟੀ ਵਲੋਂ ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇ ਗੰਢ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਵੱਖ ਵੱਖ ਜਥੇਬੰਦੀਆਂ ਵਲੋਂ ਆਪਣੀ ਆਪਣੀ ਪੱਧਰ 'ਤੇ ਕਈ ਤਰ੍ਹਾਂ ਦੀਆਂ ਸਰਗਰਮੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਸਰਗਰਮੀਆਂ ਸਦਕਾ ਇਕੱਲੇ ਕੈਨੇਡਾ ਵਿਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਇਸ ਦੁਖਾਂਤਕ ਘਟਨਾ ਬਾਰੇ ਗਲਬਾਤ ਛਿੜੀ ਹੈ ਜਿਸ ਨਾਲ ਆਮ ਲੋਕਾਂ ਨੂੰ ਇਸ ਬਾਰੇ ਜਾਨਣ ਦਾ ਮੌਕਾ ਮਿਲਿਆ ਹੈ। ਕਿੰਨੀ ਹੀ ਤਰ੍ਹਾਂ ਦੀ ਜਾਣਕਾਰੀ ਭਰਪੂਰ ਸਮੱਗਰੀ ਹੋਂਦ ਵਿਚ ਆਈ ਹੈ। ਜਿਵੇਂ ਫੋਟੋ ਪ੍ਰਦਰਸ਼ਨੀ, ਕਈ ਇਤਿਹਾਸਕ ਦਸਤਾਵੇਜ਼ਾਂ ਦਾ ਪਹਿਲੀ ਵਾਰ ਪੰਜਾਬੀ ਵਿਚ ਛਪਣਾ, ਕਾਮਾਗਾਟਾ ਮਾਰੂ ਬਾਰੇ ਡਾਕੂਮੈਂਟਰੀ ਵੀਡੀਉ ਬਣਨਾ, ਕਾਮਾਗਾਟਾ ਮਾਰੂ ਬਾਰੇ ਕਿਤਾਬਾਂ ਦਾ ਛਪਣਾ (ਨਵੀਆਂ ਅਤੇ ਅੰਗਰੇਜੀ ਤੋਂ ਅਨੁਵਾਦ ਹੋ ਕੇ), ਕਾਮਗਾਟਾ ਮਾਰੂ ਦੇ ਸੰਬੰਧ ਵਿਚ ਵੱਖਰੇ ਵੱਖਰੇ ਸ਼ਹਿਰਾਂ ਵਿਚ ਮੀਟਿੰਗਾਂ ਮੁਜਾਹਰੇ ਆਦਿ ਹੋਣਾ। ਇਸ ਦੇ ਨਤੀਜੇ ਵਜੋਂ ਕੈਨੇਡਾ ਦੀਆਂ ਵੱਖ ਵੱਖ ਪੱਧਰ ਦੀਆਂ ਸਰਕਾਰਾਂ ਨੇ ਪਹਿਲੀ ਵਾਰੀ ਇਸ ਦਿਨ ਦੀ ਮਹੱਤਤਾ ਨੂੰ ਸਵੀਕਾਰਿਆ ਹੈ। ਵੈਨਕੂਵਰ ਦੀ ਮਿਉਂਸਪਲਟੀ ਵਲੋਂ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿਚ ਯਾਦ ਪੱਥਰ ਲਾਉਣ ਦਾ ਵਾਅਦਾ ਕੀਤਾ ਗਿਆ ਹੈ।

ਜਿੱਥੇ ਇਹ ਕੁੱਝ ਕੁ ਪ੍ਰਾਪਤੀਆਂ ਹਨ ਉੱਥੇ ਕੁਝ ਕੁ ਘਾਟਾਂ ਜਾਂ ਕਮੀਆਂ ਵੀ ਰਹੀਆਂ ਹਨ। ਵੈਨਕੂਵਰ ਦੀ ਮਿਉਂਸਪਲਟੀ ਕੋਲ ਯਾਦ ਪੱਥਰ ਲਾਉਣ ਲਈ ਪਹੁੰਚ ਕਰ ਰਹੀਆਂ ਜਥੇਬੰਦੀਆਂ ਵਲੋਂ ਯਾਦ ਪੱਥਰ ਉਪਰ ਲਿਖੀ ਜਾਣ ਵਾਲੀ ਇਬਾਰਤ ਉਪਰ ਸਹਿਮਤ ਨਾਂ ਹੋਣ ਕਾਰਨ ਯਾਦ ਪੱਥਰ ਲਾਉਣ ਦਾ ਕੰਮ ਪਿੱਛੇ ਪੈ ਗਿਆ ਹੈ। ਕਾਮਾਗਾਟਾ ਮਾਰੂ ਦੀ ਯਾਦ ਵਿਚ ਕੀਤੀਆਂ ਗਈਆਂ ਸਰਗਰਮੀਆਂ ਵਿਚ ਦੂਜੀ ਪੀੜ੍ਹੀ ਦੇ ਲੋਕਾਂ ਦੀ ਸ਼ਮੂਲੀਅਤ ਨਾਂਹ ਦੇ ਬਰਾਬਰ ਰਹੀ ਹੈ। ਇਹੋ ਜਿਹੀਆਂ ਹੋਰ ਵੀ ਅਨੇਕਾਂ ਕਮੀਆਂ ਜਾਂ ਘਾਟਾਂ ਹਨ ਜਿਹਨਾਂ ਬਾਰੇ ਸਾਰੇ ਸੰਬੰਧਤ ਲੋਕਾਂ ਨੂੰ ਗੰਭੀਰਤਾ ਨਾਲ ਸੋਚਣਾ ਬਣਦਾ ਹੈ। ਅੱਜ ਜਦੋਂ ਅਸੀਂ ਇਸ ਸਬੰਧ ਵਿਚ ਪਿਛਲੇ ਕੁਝ ਮਹੀਨਿਆਂ ਦੌਰਾਨ ਹੋਈਆਂ ਸਰਗਰਮੀਆਂ ਤੋਂ ਅਗਾਂਹ ਦੇਖਣਾ ਹੈ ਤਾਂ ਜਿੱਥੇ ਸਾਨੂੰ ਇਨ੍ਹਾਂ ਘਾਟਾਂ ਨੂੰ ਦੂਰ ਕਰਨ ਬਾਰੇ ਸੋਚਣਾ ਚਾਹੀਦਾ ਹੈ ਉੱਥੇ ਸਾਨੂੰ ਇਸ ਸਬੰਧ ਵਿਚ ਨਵੇਂ ਉਦੇਸ਼ ਵੀ ਮਿੱਥਣੇ ਚਾਹੀਦੇ ਹਨ।

ਸਾਡਾ ਪਹਿਲਾ ਸੁਝਾਅ ਹੈ ਕਿ ਕੈਨੇਡਾ ਵਿਚ ਇੰਡੋ-ਕੈਨੇਡੀਅਨ ਲੋਕਾਂ ਦੇ ਇਤਿਹਾਸ ਬਾਰੇ ਕਿਸੇ ਮਿਉਜ਼ੀਅਮ ਤੇ ਆਰਕਾਈਵਜ਼ ਦੀ ਸਥਾਪਨਾ ਕੀਤੀ ਜਾਵੇ। ਆਪਣੇ ਵਿਰਸੇ ਨੂੰ ਸਾਂਭਣ ਦੀ ਰਸਮ ਤੋਰੀ



ਬਾਕੀ ਸਫਾ 43 'ਤੇ

ਸਾਲ ਪਹਿਲਾ
ਅੰਕ ਦੂਜਾ
ਅਕਤੂਬਰ/ਨਵੰਬਰ/ਦਸੰਬਰ, 1989

# ਵਤਨ

Vol. 1, No. 2
Fall, 1989
October/November/December

Watan
P.O.Box 67681, Stn. '0'
Vancouver, B.C., V5W 3V2

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਿੰਗ ਸੰਪਾਦਕ:
ਪਾਲ ਬਿਨਿੰਗ 270-7842

ਐਡਵਰਟਾਇਜ਼ਿੰਗ ਸੰਪਾਦਕ:
ਅਮਨਪਾਲ ਸਾਰਾ 324-1091

ਸਰਕੂਲੇਸ਼ਨ ਸੰਪਾਦਕ:
ਗੁਰਮੇਲ 583-7512
ਹਰਜਿੰਦਰ ਸਾਂਗਰਾ

ਸਹਿਯੋਗੀ
ਐਡਮੰਟਨ:
ਸਤਵੰਤ ਦੀਪਕ 461 - 1917
ਲਾਟ ਭਿੰਡਰ 435-7469

**Editors:**
Sadhu Binning 437-9014
Sukhwant Hundal 581-3211

**Managing Editor:**
Paul Binning 270-7842

**Advertising**
Amanpal Sara 324-1091

**Circulation:**
Gurmel Rai 583-7512
Harjinder Sangra

**Associates:**
**Edmonton:**
Satwant Deepak 461-1917
Latt Bhinder 435-7469

## ਇਸ ਅੰਕ ਵਿਚ

ਸੰਪਾਦਕੀ

ਕਵਿਤਾ:
ਸੁਰਿੰਦਰ ਧੰਜਲ
ਅਜਮੇਰ ਰੋਡੇ
ਦਰਸ਼ਨ ਗਿੱਲ
ਸੁਖਵਿੰਦਰ ਕੰਬੋਜ
ਸਾਧੂ
ਰਵਿੰਦਰ ਸਹਿਰਾਅ
ਜਸਪਾਲ ਸੂਸ

ਲੇਖ:
ਬਲਦੇਵ ਦੂਹੜੇ
ਹਰਜਿੰਦਰ ਸਾਂਗਰਾ
ਸੁਖਵੰਤ ਹੁੰਦਲ

ਸਥਾਈ ਕਾਲਮ:
ਆਪਣੇ ਲੋਕ
ਪੁਸਤਕ ਪਰਿਚੈ
ਸਰਗਰਮੀਆਂ
...ਤੇ ਤੁਸੀਂ ਲਿਖਿਆ
ਰੀਵੀਊ ਜਨਕ ਰਾਜ ਸਿੰਘ



ਸਰਵਰਕ: ਗੁਰਮੇਲ ਰਾਏ

ਕੀਮਤ ਦੋ ਡਾਲਰ

**Annual Subscription:**
**Canada & U.S.A. - $12.00**
**Other Countries - $18.00**

ਵਤਨ ਵਿਚ ਛੱਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿਜੀ ਹਨ।

ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

**Opinions expressed are of the individual writers and may not necessarily, reflect the official policies of Watan**

**All officeholders and members of Watan Publications past and present, have been and are honorary associates of Watan**

# ਪੰਜਾਬੀ ਮਾਰਕਿਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ

ਅਸੀਂ ਵਿਜ਼ਟਿਰ ਤੇ ਮੈਡੀਕਲ ਇਨਸ਼ੋਰੈਂਸ ਕਰਦੇ ਹਾਂ।

**S. & S. INSURANCE**
**6658 MAIN ST.**
**VANCOUVER, B.C.(IN PUNJABI MARKET)**

ਫੋਨ: 324-5711



Daljit Singh Sidhu

Autoplan

ਪੰਜਾਬੀ ਮਾਰਕਿਟ ਦਾ ਸਭ ਤੋਂ ਪਹਿਲਾ ਤੇ ਭਰੋਸੇਯੋਗ ਇਨਸ਼ੋਰੈਂਸ ਦਾ ਦਫਤਰ ਕਾਰਾਂ, ਟਰੱਕਾਂ, ਵੈਨਾਂ ਤੇ ਪਿਕਅੱਪਾਂ ਦੀ ਇਨਸ਼ੋਰੈਂਸ ਲਈ ਦਰਸ਼ਨ ਦਿਉ।

# LOWEST FARES TO:

ਲੰਡਨ, ਦਿੱਲੀ, ਬੰਬਈ,ਮਦਰਾਸ, ਕਰਾਚੀ, ਇਸਲਾਮਾਬਾਦ, ਕੋਲੰਬੋ,ਢਾਕਾ, ਨੈਰੋਬੀ,ਦਾਰਾਸਲਮ, ਟਰਾਂਟੋ ਤੇ ਸਾਨਫਰਾਂਸਿਸਕੋ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਲਈ:

## ਘੱਟ ਤੋਂ ਘੱਟ ਕਿਰਾਏ

Professional Travel Agents for 37 years
Complete Travel arrangements for business or pleasure

**Authorized Agents for: Air Canada, British Airways, Canadian,Cathay Pacific, Thai Airways Int., KLM and other major airlines.**

**BAINS** INTERNATIONAL TRAVEL
6364 FRASER STREET, VANCOUVER, B.C.
TEL. 324-2277
OFFICES ALSO IN VICTORIA AND NORTH VANCOUVER

# RAJA CATERING SERVICES SINCE 1975

Raja

For wedding sweets and your catering needs we offer

- *Best Food
- *Best Services
- * Best Price

call Balwat Raja
**325-5014**
6450-Main St.
(at 49th., Ave)
Vancouver, B.C.
Canada V5W 2V4

moti-mahal

**Sutton Group Medallion Realty**
#1-9200-120th St.
Surrey,B.C. V3V 4B7

Sutton GROUP

ਜਦੋਂ ਵੀ ਤੁਸੀਂ ਵੀ ਜਾਇਦਾਦ ਖਰੀਦਣੀ ਜਾਂ ਵੇਚਣੀ ਹੋਵੇ ਤਾਂ ਤਾਂ ਆਪਣੀ ਕਮਿਊਨਟੀ ਦੇ ਜਾਣੇ ਪਹਿਚਾਣੇ ਕੁਲਦੀਪ ਗਿੱਲ ਹੁਰਾਂ ਤੋਂ ਉਨ੍ਹਾਂ ਦੇ ਪ੍ਰੋਫੈਸ਼ਨਲ ਸਲਾਹ ਮਸ਼ਵਰੇ ਲਈ ਫੂਨ ਕਰੋ।



# KULDIP GILL M.A. B. Ed.

**Member of fraser Valley Real Estate Board M.L.S. Medallion Club. Looking for a house, building lot or house with acres, in Surrey or Delta. Call me first for my honest & genuine opinion**

**Ph. 581-1211 Res. 590-8066**

# ਪੰਜਾਬੀ ਕਵੀ ਪਾਸ਼



ਪਾਸ਼

ਪਾਸ਼ ਪੰਜਾਬੀ ਦਾ ਲਾਸਾਨੀ ਕਵੀ ਹੈ। ਇਹ ਗੱਲ ਪਾਸ਼ ਦੇ ਜਨੂੰਨੀਆਂ ਹੱਥੋਂ ਹੋਏ ਕਤਲ ਤੋਂ ਲੈ ਕੇ ਹੁਣ ਤੱਕ ਹੋਰ ਵੀ ਸ਼ਿਦਤ ਨਾਲ ਸਾਬਤ ਹੋਈ ਹੈ। ਉਸਦੀਆਂ ਕਵਿਤਾਵਾਂ ਰਾਹੀਂ ਪੰਜਾਬੀ ਕਵਿਤਾ ਹਿੰਦੁਸਤਾਨ ਹੀ ਨਹੀਂ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਵੀ ਪਹੁੰਚੀ ਹੈ ਅਤੇ ਪਹੁੰਚ ਰਹੀ ਹੈ। ਪੰਜਾਬੀ ਦੇ ਹੀ ਨਹੀਂ ਹੋਰ ਅਨੇਕਾਂ ਜ਼ਬਾਨਾਂ ਦੇ ਪਰਚਿਆਂ, ਅਖਬਾਰਾਂ ਨੇ ਪਾਸ਼ ਬਾਰੇ ਅੰਕ ਕੱਢੇ ਹਨ, ਲੇਖ ਛਾਪੇ ਹਨ, ਪਾਸ਼ ਦੀਆਂ ਕਵਿਤਾਵਾਂ ਛਾਪੀਆਂ ਹਨ, ਪਾਸ਼ ਬਾਰੇ ਕਵਿਤਾਵਾਂ ਛਾਪੀਆਂ ਹਨ। ਪਾਸ਼ ਦੀਆਂ ਕਵਿਤਾਵਾਂ ਦੇ ਨਵੇਂ ਐਡੀਸ਼ਨ ਛਪੇ ਹਨ, ਅਣਛਪੀਆਂ ਕਵਿਤਾਵਾਂ ਦੇ ਸੰਗ੍ਰਿਹ ਛਪੇ ਹਨ। ਪਾਸ਼ ਬਾਰੇ 'ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ' ਬਣਿਆ ਹੈ ਜੋ ਪਾਸ਼ ਦੀ ਯਾਦਗਾਰ ਸਥਾਪਤ ਕਰਨ ਦੇ ਇਲਾਵਾ ਕਿੰਨੇ ਹੀ ਹੋਰ ਪਰਾਜੈਕਟ ਤਿਆਰ ਕਰ ਰਿਹਾ ਹੈ। ਸਤੰਬਰ ੯, ਪਾਸ਼ ਦਾ ਜਨਮ ਦਿਨ ਦੁਨੀਆਂ ਭਰ ਦੇ ਪੰਜਾਬੀਆਂ ਨੇ ਕਵਿਤਾ ਦਿਵਸ ਦੇ ਤੌਰ ਤੇ ਮਨਾਇਆ ਹੈ। ਪਾਸ਼ ਦੀਆਂ ਇਹ ਸਤਰਾਂ ਕਿੰਨੀਆਂ ਸੱਚ ਸਾਬਤ ਹੋ ਰਹੀਆਂ ਹਨ:

"ਮੇਰਾ ਲਹੂ ਤੇ ਮੁੜਕਾ ਮਿੱਟੀ ਵਿਚ ਡੁੱਲ੍ਹ ਗਿਆ ਹੈ
ਮੈਂ ਮਿੱਟੀ ਵਿਚ ਦੱਬੇ ਜਾਣ 'ਤੇ ਵੀ ਉੱਗ ਆਵਾਂਗਾ"

ਵੈਨਕੂਵਰ ਦੇ ਲੇਖਕ ਮੰਚ ਨੇ ਵੀ ਇਸ ਦਿਨ ਇਕ ਸ਼ਾਨਦਾਰ ਕਵੀ ਦਰਬਾਰ ਪਾਸ਼ ਦੀ ਯਾਦ ਵਿਚ ਅਯੋਜਤ ਕੀਤਾ। ਪਾਸ਼ ਬਾਰੇ ਇਸ ਕਵੀ ਦਰਬਾਰ ਵਿਚ ਪੜ੍ਹੀਆਂ ਗਈਆਂ ਕੁਝ ਕਵਿਤਾਵਾਂ ਤੇ ਕੁਝ ਹੋਰ ਕਵਿਤਾਵਾਂ ਅਸੀਂ 'ਵਤਨ' ਵਲੋਂ ਪਾਸ਼ ਨੂੰ ਸ਼ਰਧਾਂਜਲੀ ਦੇ ਤੌਰ 'ਤੇ ਪੇਸ਼ ਕਰ ਰਹੇ ਹਾਂ।

- ਸੰਪਾਦਕ

ਸੁਰਿੰਦਰ ਧੰਜਲ

# ਇਕ ਅੱਖਰ

ਇੱਕ ਅੱਖਰ ਨਾਲ ਪੂਰੀ ਦੁਨੀਆਂ ਬਦਲ ਜਾਂਦੀ ਹੈ
ਪਾਸ਼ 'ਹੈ' - ਪਾਸ਼ 'ਸੀ'
'ਹੈ' ਤੋਂ 'ਸੀ' ਨਾਲ ਕਿੰਨ੍ਹਾਂ ਕੁਝ ਬਦਲ ਜਾਂਦਾ ਹੈ ਪਾਸ਼।

ਅਸੀਂ ਉਹ ਅਣਚੱਲੀਆਂ ਗੋਲੀਆਂ ਹਾਂ ਸ਼ਾਇਰ ਮਿੱਤਰਾ।
ਜੋ ਪਿੱਠ 'ਤੇ ਵਾਰ ਹੋਣ ਕਰਕੇ,
ਤੇਰੇ ਰੀਵਾਲਵਰ ਦੀ ਹਿੱਕ 'ਚ ਹੀ ਤੜਪਦੀਆਂ ਰਹੀਆਂ।

ਤੇਈ ਮਾਰਚ ਦੇ ਗੂਹੜੇ ਰੰਗ 'ਚ,
ਹੁਣ ਤੇਰਾ ਰੰਗ ਵੀ ਸ਼ਾਮਲ ਹੈ ਪਾਸ਼।

ਤੇਰੇ ਮੋਹ ਦੀ ਬੁੱਕਲ ਤਾਣਕੇ ਤੇਰੀ 'ਰਾਣੀ',
ਹੁਣ 'ਵਿੰਕਲ' ਦੇ ਹਉਕੇ ਥਾਪੜਕੇ,
ਆਪਣੇ ਨਾਲ ਸੁਲਾਇਆ ਕਰੇਗੀ।

ਅਸੀਂ ਜੋ ਤੇਰੀ ਯਾਰੀ ਦੇ ਬੂਟੇ ਨੂੰ ਲੱਗੇ ਫੁੱਲ ਹਾਂ
ਤੇਰੀ ਯਾਦ 'ਚ ਲਹੂ ਲੁਹਾਣ ਵੀ ਖਿੜਿਆ ਕਰਾਂਗੇ।
ਤੇਰਾ ਜਵਾਬ ਉਡੀਕੇ ਬਗੈਰ
ਆਖ਼ਰੀ ਖ਼ਤ ਵਰਗਾ ਕੁਝ ਰੋਜ਼ ਤੈਨੂੰ ਲਿਖਿਆ ਕਰਾਂਗੇ।
ਤੇਰੀ ਯਾਦ 'ਚ ਭਰ ਭਰ ਡੁਲਦੀਆਂ ਅੱਖਾਂ ਨੂੰ,
ਬਹਾਦੁਰ ਹੋਣ ਦਾ ਤਗਮਾ ਲੈਣ ਲਈ
ਲੁਕੋਵਾਂਗੇ ਨਹੀਂ ਅਸੀਂ...

ਇੱਕ ਅੱਖਰ ਨਾਲ ਕਿੰਨਾ ਕੁਝ ਬਦਲ ਜਾਂਦਾ ਹੈ ਪਾਸ਼।
ਤੇਰੀ ਯਾਦ ਵਿੱਚ, ਇੱਕ ਅੱਖਰ, ਆਪਣੇ ਖ਼ੂਨ ਨਾਲ
ਅਸੀਂ ਵੀ ਲਿਖਾਂਗੇ ਬਾਂਕਿਆ ਯਾਰਾ:
ਇਨਕਲਾਬ... ... ...

(23 ਮਾਰਚ 1988)

# ਖ਼ੂਬਸੂਰਤ ਜਿੰਦਗੀ

ਬਰਸਦੀਆਂ ਗੋਲੀਆਂ ਹੇਠ ਵੀ ਖਿੜਨਗੇ ਜ਼ਿੰਦਗੀ ਦੇ ਫੁੱਲ
ਮੌਤ ਦੇ ਬੱਦਲਾਂ ਓਹਲਿਓਂ ਗਰਜ ਰਿਹਾ ਹੈ ਜਾਬਰ:
"ਅਸੀਂ ਤੁਹਾਡੇ ਸੋਹਣ ਸਿੰਘ ਭਕਨਾ ਦੀ ਕਮਰ ਵਿੱਚ
ਕਦੇ ਵੀ ਨਾ ਸਿੱਧਾ ਹੋਣ ਵਾਲਾ ਕੁੱਬ ਪਾ ਦਿਆਂਗੇ।

ਅਸੀਂ ਤੁਹਾਡੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ
ਸਤਲੁਜ ਦੀ ਥਾਂ, ਹਿੰਦੂਆਂ ਅਤੇ ਸਿੱਖਾਂ ਦੇ ਖ਼ੂਨ ਦੇ
ਅਲੱਗ ਅਲੱਗ ਦਰਿਆਵਾਂ 'ਚ ਰੋੜ੍ਹ ਦੇਵਾਂਗੇ।
ਅਸੀਂ ਤੁਹਾਡਾ ਸੰਤ ਰਾਮ ਉਦਾਸੀ
ਉਸਦੀਆਂ ਹਵਾਵਾਂ ਦੇ ਦੇਸ਼ ਤੋਂ ਦੂਰ
ਕਿਸੇ ਗੁੰਮਨਾਮ ਖੂੰਜੇ 'ਚ ਦਫ਼ਨ ਕਰ ਦੇਵਾਂਗੇ।
ਅਸੀਂ ਤੁਹਾਡੇ ਪਾਸ਼ ਦੀ ਨਜ਼ਮ ਵਰਗੇ ਹਰ ਅੰਗ ਵਿੱਚ
ਗੋਲੀਆਂ ਦੇ ਸੁਰਾਖ਼ ਕਰ ਦੇਵਾਂਗੇ ... ... ।"
ਪਰ ਕਿਰਤ ਦੀ ਮਸਤੀ 'ਚ ਧੜਕਦੀ ਜ਼ਿੰਦਗੀ ਦੇ ਆਸ਼ਕ
ਆਖ਼ਰੀ ਸਾਹ ਤੱਕ, ਦੁਨੀਆਂ ਦੇ ਹਰ ਕੋਨੇ 'ਚੋਂ ਗਾਉਣਗੇ:
ਖ਼ੂਬਸੂਰਤ ਜਿੰਦਗੀ
ਖ਼ੂਬਸੂਰਤ ਜਿੰਦਗੀ
ਖ਼ੂਬਸੂਰਤ ਜਿੰਦਗੀ
ਮੌਤ ਦੇ ਵਿਹਲੜ ਵਣਜਾਰਿਆਂ ਦਾ ਹੁਕਮਨਾਮਾ ਹੈ:
"ਅਸੀਂ ਤੁਹਾਡੀਆਂ ਨਿੱਡਰ ਅੱਖਾਂ ਵਿੱਚ
ਸੰਗੀਨਾਂ ਦੇ ਸੁਰਮਚੂ ਖੋਭ ਦੇਵਾਂਗੇ
ਅਸੀਂ ਤੁਹਾਡੀਆਂ ਮਾਵਾਂ ਦੀਆਂ ਲੋਰੀਆਂ
ਅਤੇ ਸਦਾ-ਸੁਹਾਗਣ ਅਸੀਸਾਂ ਨੂੰ
ਵੈਣਾਂ ਦੇ ਦਲਾਲ ਬਣਾ ਦੇਵਾਂਗੇ।
ਅਸੀਂ ਤੁਹਾਡੀਆਂ ਧੀਆਂ ਭੈਣਾਂ ਦੇ
ਮਹਿੰਦੀ ਵਾਲੇ ਹੱਥਾਂ ਉੱਤੇ ਪਿਸ਼ਾਬ ਕਰ ਦੇਵਾਂਗੇ।
ਅਸੀਂ ਤੁਹਾਡੇ ਬੱਚਿਆਂ ਦੀਆਂ ਪੀਂਘਾਂ ਦੇ ਰੱਸਿਆਂ ਨੂੰ
ਸਾਹ ਪੀਣੀਆਂ ਸਰਾਲਾਂ ਬਣਾ ਦੇਵਾਂਗੇ।
ਅਸੀਂ ਤੁਹਾਡੇ ਚੁੱਲਿਆਂ 'ਚ -
ਰੋਟੀ ਪਕਾਉਂਦੀ ਅੱਗ ਦੇ ਕੋਲੇ
ਤੁਹਾਡੇ ਵਿਹੜਿਆਂ ਵਿੱਚ ਖਿਲਾਰ ਦੇਵਾਂਗੇ।
ਅਸੀਂ ਤੁਹਾਡੇ ਘਰਾਂ ਦੁਆਲੇ
ਧਮਕੀਆਂ ਦਾ ਖੂੰਖਾਰ ਕਿਲ੍ਹਾ ਉਸਾਰ ਦੇਵਾਂਗੇ..
...।"
ਪਰ ਕਿਰਤੀ ਘਰਾਂ ਦੇ ਰਖਵਾਲੇ
ਆਖ਼ਰੀ ਸਾਹ ਤੱਕ ਦੁਨੀਆਂ ਦੇ ਹਰ ਕੋਨੇ 'ਚੋਂ ਕੂਕਣਗੇ:
ਹਸਦੇ ਵਸਦੇ ਘਰ
ਹਸਦੇ ਵਸਦੇ ਘਰ
ਹਸਦੇ ਵਸਦੇ ਘਰ
ਫੁਲਾਂ ਦੇ ਦੁਸ਼ਮਣਾਂ ਦਾ ਨਾਹਰਾ ਹੈ:
"ਅਸੀਂ ਤਹੁਾਡੇ ਫੁੱਲਾਂ ਦੇ ਨਕਸ਼ ਬੇਪਛਾਣ ਕਰ
ਦੇਵਾਂਗੇ।
ਅਸੀਂ ਤੁਹਾਡੇ ਫੁੱਲਾਂ ਦੀ ਖ਼ੁਸ਼ਬੂ ਦੇ ਨੱਕ 'ਚ
ਸੜ੍ਹਦੇ ਬਾਗਾਂ ਦੀ ਬਦਬੂ ਦੀ ਧੂਫ਼ ਦੇਵਾਂਗੇ।
ਅਸੀਂ ਤੁਹਾਡੇ ਫੁੱਲਾਂ ਨੂੰ
ਮੰਦਰਾਂ, ਮਸਜਿਦਾਂ, ਗੁਰਦੁਆਰਿਆਂ, ਗਿਰਜਾਂ-ਘਰਾਂ
ਦੀਆਂ ਨੀਹਾਂ 'ਚ ਚਿਣ ਦੇਵਾਂਗੇ।
ਅਸੀਂ ਤੁਹਾਡੇ ਫੁੱਲਾਂ ਨੂੰ
ਕਬਰਾਂ ਤੋਂ ਬਿਨਾਂ ਕਿਸੇ ਥਾਂ ਜੋਗਾ ਨਹੀਂ ਛੱਡਾਂਗੇ...।"
ਪਰ ਰੰਗ ਬਰੰਗੇ ਫੁੱਲਾਂ ਦੇ ਬਗੀਚੀਆਂ ਦੇ ਆਸ਼ਕ
ਆਖ਼ਰੀ ਸਾਹ ਤੱਕ, ਦੁਨੀਆਂ ਦੇ ਹਰ ਕੋਨੇ 'ਚੋਂ ਮਹਿਕਣਗੇ:
ਫੁੱਲਾਂ ਦਾ ਗੁਲਦਸਤਾ
ਫੁੱਲਾਂ ਦਾ ਗੁਲਦਸਤਾ
ਫੁੱਲਾਂ ਦਾ ਗੁਲਦਸਤਾ
ਬਦਚਲਣ ਕੁਰਸੀਵਾਨਾਂ ਦਾ ਮੈਨੀਫੈਸਟੋ ਹੈ:
"ਅਸੀਂ ਤੁਹਾਡੇ ਖ਼ੂਬਸੂਰਤ ਸੁਪਨਿਆਂ ਦਾ -
ਬੰਦ ਬੰਦ ਕੱਟ ਕੇ
ਰਾਸ਼ਟਰਪਤੀ ਭਵਨ ਦੇ ਮਹਿਮਾਨਾਂ ਅੱਗੇ ਪਰੋਸ
ਦੇਵਾਂਗੇ।
ਅਸੀਂ ਤੁਹਾਡੇ ਮਿੱਤਰਾਂ ਦੇ ਹਰ ਖ਼ਤ ਉੱਤੇ
ਇੰਟੈਰੋਗੇਸ਼ਨ ਸੈਂਟਰ ਦਾ ਸਿਰਨਾਵਾਂ ਕਰ ਦੇਵਾਂਗੇ।
ਅਸੀਂ ਤੁਹਾਡੇ ਖੇਤਾਂ, ਜੰਗਲਾਂ, ਪਹਾੜਾਂ ਦਾ ਮਉਂਹ
ਲਹੂ ਦੇ ਟੋਭੇ ਬਣਾ ਦੇਵਾਂਗੇ।
ਅਸੀਂ ਤੁਹਾਡੇ ਸੂਰਜਾਂ ਨੂੰ
ਮੌਤ ਦੇ ਬੱਦਲਾਂ ਨਾਲ ਗ੍ਰਹਿਣ ਦੇਵਾਂਗੇ।
ਅਸੀਂ ਤੁਹਾਡੇ ਆਕਾਸ਼ ਤੋਂ
ਚੌਦਵੀਂ ਦਾ ਹਰ ਚੰਦ ਨੋਚ ਲਵਾਂਗੇ ... ...।"
ਪਰ ਸੱਤ ਰੰਗਾਂ ਦੇ ਸੁਮੇਲ ਤੋਂ ਬਣੀ ਚਾਨਣੀ ਦੇ ਆਸ਼ਕ
ਆਖ਼ਰੀ ਸਾਹ ਤੱਕ, ਦੁਨੀਆਂ ਦੇ ਹਰ ਕੋਨੇ 'ਚੋਂ
ਜਗਮਗਾਉਣਗੇ:
ਰੌਸ਼ਨੀ ਦਾ ਜਲਾਲ
ਰੌਸ਼ਨੀ ਦਾ ਜਲਾਲ
ਰੌਸ਼ਨੀ ਦਾ ਜਲਾਲ
ਬਰਸਦੀਆਂ ਗੋਲੀਆਂ ਹੇਠ ਵੀ ਖਿੜਨਗੇ ਜ਼ਿੰਦਗੀ ਦੇ ਫੁੱਲ
ਮੌਤ ਦੇ ਸਾਏ 'ਚ ਵੀ ਜੁੜਨਗੇ ਫੁੱਲਾਂ ਦੇ ਗੁਲਦਸਤੇ
ਕਾਲੇ ਬੱਦਲਾਂ 'ਚੋਂ ਵੀ ਟਹਿਕਣਗੀਆਂ ਰੋਸ਼ਨੀ ਦੀਆਂ ਕਿਰਣਾਂ
ਕਿਰਤ ਦੀ ਮਸਤੀ 'ਚ ਧੜਕਦੀ ਰਹੇਗੀ-
ਖ਼ੂਬਸੂਰਤ ਜ਼ਿੰਦਗੀ
ਖ਼ੂਬਸੂਰਤ ਜ਼ਿੰਦਗੀ
ਖ਼ੂਬਸੂਰਤ ਜ਼ਿੰਦਗੀ

(23 ਮਾਰਚ 1989)


**ਰਿਮ ਝਿਮ ਰੇਡੀਓ ਪ੍ਰੋਗਰਾਮ**

**ਫੋਨ:(604)299-1727**

**ਜਾਂ 299-TUNE(8863)**

# ਨਵੀਂ ਨਜ਼ਮ

**ਅਜਮੇਰ ਰੋਡੇ**

ਅਜ ਪਹਿਰ ਦੇ ਪਹਿਲੇ ਤੜਕੇ
ਖੂਹ ਦੀ ਮੌਣ ਤੇ ਖੜ ਕੇ ਮੈਂ
ਤੈਨੂੰ ਲੰਮੀ ਹਾਕ ਮਾਰਾਂਗਾ
ਆਪਣੀ ਨਵੀਂ ਲਿਖੀ ਨਜ਼ਮ
ਮੈਨੂੰ ਦੇ ਜਾਵੀਂ
ਅਜ ਤੇਰਾ ਜ਼ਨਮ ਦਿਨ ਹੈ ਪਾਸ਼।

ਮੈਂ ਤੇਰੀ ਨਜ਼ਮ ਦੇ ਬੋਲ ਕਿਸੇ ਕਵੀ
ਦਰਬਾਰ ਵਿਚ ਨਹੀਂ ਬੋਲਣੇ ਦੋਸਤ
ਨਾ ਹੀ ਮਿੱਤਰਾਂ ਦੀ ਮਹਿਫਲ 'ਚ ਬੈਠ
ਵਾਹ ਵਾਹ ਦਾ ਸੁਆਦ ਲੈਣਾ ਹੈ
ਤੇਰੀ ਕਵਿਤਾ ਦੇ ਸ਼ਬਦ ਕਿਸੇ ਪਤ੍ਰਿਕਾ
ਦੇ ਪੰਨਿਆਂ ਤੇ ਵੀ ਨਹੀਂ ਛਪਣਗੇ ਸ਼ਾਇਦ।

ਪਰ ਤੇਰੀ ਕਵਿਤਾ ਦੇ ਬੋਲ ਮੈਂ ਓਸ
ਅੰਨ੍ਹੇ ਮੰਗਤੇ ਨੂੰ ਸੁਣਾ ਦੇਵਾਂਗਾ
ਜੋ ਆਪਣੇ ਹੀ ਮੂੰਹ 'ਚੋਂ ਨਿਕਲਦੇ
ਹਰੇ ਰਾਮ ਹਰੇ ਰਾਮ ਸੁਣਨ ਦੇ ਡਰੋਂ
ਕੰਨ ਬੰਦ ਕਰੀ ਬੈਠਾ ਹੈ।

ਤੇਰੀ ਕਵਿਤਾ ਦਾ ਅੰਮਿਤ
ਓਹਨਾਂ ਦਸ ਲੱਖ ਅਣਹੋਇਆਂ ਨੂੰ ਪਿਆ
ਦੇਵਾਂਗਾ ਜੋ ਆਪਣੇ ਜਨਮ ਦਿਨ ਤੋਂ ਹੀ
ਆਪਣੀ ਮਾਂ ਨਾਲ
ਹੌਲੀ ਹੌਲੀ ਮਰਨਾ ਸ਼ੁਰੂ ਕਰ ਦਿੰਦੇ ਹਨ।

ਤੇਰੀ ਕਵਿਤਾ ਦੀ ਤਿੱਖੀ ਧਾਰ
ਚਿੜੀਆਂ ਦੀ ਉਸ ਡਾਰ ਨੂੰ ਦੇ ਆਵਾਂਗਾ
ਜੋ ਸਦੀਆਂ ਤੋਂ ਜੱਕੋ ਤੱਕੀ ਦੇ ਧਾਗਿਆਂ ਵਿਚ
ਉਲਝੀ ਸ਼ਿਕਰੇ ਦਾ ਸ਼ਿਕਾਰ ਬਣੀ ਬੈਠੀ ਹੈ
ਤੇਰੀ ਕਵਿਤਾ ਦੀ ਲੈਅ ਕੁਲੰਬੀਆ ਦੀ ਉਸ
ਕੁੜੀ ਨੇ ਮੰਗੀ ਹੈ ਜੋ ਕੱਲਮ ਕੱਲੀ ਹਵਾ
'ਚ ਬਾਂਹ ਉਲਾਰੀ
ਉਦਾਸ ਨਚਦੀ
ਆਪਣੇ ਅਲੋਪ ਹੋ ਗਏ ਪਿਆਰੇ
ਨੂੰ ਬੁਲਾ ਰਹੀ ਹੈ।
ਤੂੰ ਚੁੱਪ ਚਾਪ ਜਾ ਕੇ ਉਸਦਾ ਹਵਾ
'ਚ ਡੋਲਦਾ ਹੱਥ ਥੱਮ ਲਈਂ ਪਾਸ਼

ਉਹ ਤੇਰੇ ਜਗਦੇ ਸ਼ਬਦਾਂ ਦੇ ਪਿਛੇ ਪਿਛੇ
ਆਪਣੇ ਲਾ-ਪਤਾ ਇਨਕਲਾਬੀ ਨੂੰ
ਭਾਲਦੀ ਫੌਜੀਆਂ ਦੀ
ਛੌਣੀ ਤੱਕ ਪਹੁੰਚ ਜਾਵੇਗੀ।

ਤੇ ਝੀਲ ਕਿਨਾਰੇ ਬੈਠੇ ਉਸ ਬਜ਼ੁਰਗ
ਆਦਿਵਾਸੀ ਨੇ ਵੀ ਤੇਰੀ ਨਜ਼ਮ
ਦੀ ਪੁੱਛ ਕੀਤੀ ਹੈ ਜਿਸ ਦੇ ਵੇਂਹਦਿਆਂ
ਵੇਂਹਦਿਆਂ ਸਾਰੀਆਂ ਮੱਛੀਆਂ ਮਰ ਕੇ
ਪੁੱਠੀਆਂ ਤਰਨ ਲੱਗ ਪਈਆਂ ਹਨ ਤੇ
ਉਸਦਾ ਨਿੱਕਾ ਪੋਤਾ ਡਰ ਕੇ ਜੰਗਲ ਵਿਚ
ਭੱਜ ਗਿਆ ਹੈ।
ਅਦਿ ਵਾਸੀ ਬਜ਼ੁਰਗ ਕਹਿੰਦਾ ਹੈ
ਉਹ ਪਾਸ਼ ਦੀ ਲਿਖੀ ਪੰਜਾਬੀ ਪੜ੍ਹ
ਲੈਂਦਾ ਹੈ।
ਤੇ ਕਵਿਤਾ ਵੀ,
ਜਿਸ ਵਿਚ ਮੱਛੀਆਂ ਦੇ ਕਾਤਲਾਂ ਦਾ
ਪਤਾ ਲਿਖਿਆ ਹੈ।

# ਗ਼ਜਲ

**ਦਰਸ਼ਨ ਗਿੱਲ**

ਜੇ ਜਨੂੰਨੀ ਹਵਾਵਾਂ ਤੋਂ ਇੰਵ ਡਰੋਗੇ?
ਕਿਸ ਤਰ੍ਹਾਂ ਮਿੱਤਰੋ ਝਨਾਵਾਂ ਤਰੋਗੇ?

ਨਾ ਬਣੋਗੇ 'ਪਾਸ਼' ਤੇ ਨਾ 'ਸੁਮੀਤ'
ਇਸ ਤਰ੍ਹਾਂ ਹੁਣ ਜੀ ਕੇ ਵੀ ਕੀ ਕਰੋਗੇ?

ਝੁਕ ਗਏ ਸਿਰ ਕਰਦੇ ਹਮੇਸ਼ਾਂ ਖੁਦਕਸ਼ੀ,
ਕੀ ਇਹ ਇਲਜ਼ਾਮ ਸਿਰ 'ਤੇ ਧਰੋਗੇ?

ਦਿਨ ਮਰ ਜਾਵੇਗਾ ਅਣਿਆਈ ਹੀ ਮੌਤ,
ਬੁਕੱਲਾਂ ਵਿਚ ਸਿਰ ਛੁਪਾ ਕੇ ਮਰੋਗੇ।

ਲੀਕ ਲਾਵੋਗੇ ਆਪਣੇ ਹੀ ਹੁਨਰ ਨੂੰ
ਕਾਲੀਆਂ ਜੋ ਤਾਕਤਾਂ ਨਾਲ ਖੜ੍ਹੋਗੇ।

ਚਿੱਕੜ 'ਚ ਮਿੱਧੇ ਜਾਓਗੇ 'ਕੰਵਲ' ਦੇ ਵਾਂਗ
ਜਾਂ ਫਿਰ 'ਸੇਖੋਂ' ਵਰਗਾ ਕੋਈ ਕੁਫ਼ਰ ਕਰੋਗੇ।

ਮਰਨ ਲਈ ਕਾਫ਼ੀ ਹੈ ਇਕੋ ਹਾਦਸਾ
ਹਾਦਸਾ ਜਾਂ ਲੋਕਤਾ, ਕਿਹੜੀ ਕਤਾਰੀਂ ਖੜ੍ਹੋਗੇ?

# ਪਾਸ਼ ਲਈ

## ਸੁਖਵਿੰਦਰ ਕੰਬੋਜ਼

ਇਹ ਰੁੱਤ ਰੋਣ ਲਈ ਨਹੀਂ, ਵਾਇਦੇ ਸਰ ਕਰਨ ਦੀ ਹੈ
ਪਾਸ਼ । ਤੂੰ ਭਾਵੇਂ ਚਲਾ ਗਿਆ ਏ
ਪਰ ਅਸੀਂ ਚੇਤਨਾਂ ਦੀਆਂ ਸੜਕਾਂ ਤੇ
ਤੇਰੇ ਖ਼ੂਨ ਨਾਲ ਲਿਖੇ ਅੱਖਰਾਂ ਦੀ ਇਬਾਰਤ ਪੜ੍ਹਾਂਗੇ-
ਹਵਾ ਦੀ ਉਦਾਸੀ ਨੂੰ ਪੀ ਕੇ
ਗਲਾ ਸਾਫ਼ ਕਰਨ ਵਾਲੇ ਹੋਰ ਹੁੰਦੇ ਨੇ
ਅਸੀਂ ਤਾਂ ਧੁੱਪੀਲੇ ਆਕਾਸ਼ਾਂ ਦੀਆਂ ਨੀਲਤਣਾ ਵਿਚ
ਤੇਰੇ ਗੀਤਾਂ ਦੀ ਲੋਅ ਕਰਾਂਗੇ-
ਅਸੀਂ ਤੇਰੀ ਬਰਸੀ ਤੇ ਸੋਗਵਾਰ ਅੱਥਰੂ ਲੈਕੇ ਨਹੀਂ ਆਵਾਂਗੇ
ਤੇ ਨਾ ਹੀ ਕਹਾਂਗੇ ਕਿ ਨਦੀ ਸਿਸਕੀਆਂ ਭਰਦੀ ਹੈ
ਅਸਮਾਨ ਇਕੱਲਾ ਭਟਕਦਾ ਹੈ ਜਾਂ ਤਾਰੇ ਬਲਦੇ ਹਨ
ਪਰ ਅਸੀਂ ਭੁਲਾਂਗੇ ਨਹੀਂ
ਹਨ੍ਹੇਰੇ ਦੀ ਪਰਕਰਮਾ ਕਰਦੇ ਉਨ੍ਹਾਂ ਲੇਖਕਾਂ ਨੂੰ
ਜੋ ਤੇਰੇ ਕਤਲ ਦੀ ਸਾਜਿਸ਼ 'ਚ ਸ਼ਾਮਿਲ ਹੋਏ
ਅਸੀਂ ਖਾਮੋਸ਼ੀ ਦੀ ਜ਼ਬਾਨ ਨਾਲ ਨਹੀਂ
ਪੂਰੇ ਰੋਹ ਨਾਲ ਕਾਫ਼ਲੇ ਬੰਨ ਕੇ ਆਵਾਂਗੇ।
ਧਰਤੀ ਤੇ ਅੰਬਰ ਤਾਂ ਕਦੋਂ ਦੇ ਜਾਗਦੇ ਸਨ
ਅਸੀਂ ਹੀ ਕੇਵਲ ਸੁੱਤੇ ਰਹੇ ਹਾਂ-
ਤੂੰ ਜਿਸ ਹਨ੍ਹੇਰੇ ਭਾਰਤ ਨੂੰ ਰੋਸ਼ਨੀ ਨਾਲ ਭਰਨ ਲਈ
ਉਮਰ ਭਰ ਸੂਰਜ ਨੂੰ
ਆਪਣੇ ਵਲ ਕਰਨ ਦਾ ਯਤਨ ਕਰਦਾ ਰਿਹਾ
ਅਸੀਂ ਉਸ ਬਾਕੀ ਰਹਿੰਦੇ ਸੂਰਜ ਨੂੰ ਪਰਨਾਵਾਂਗੇ-
ਤੂੰ ਸਾਡੇ ਚਾਰੇ ਪਹਿਰ ਹੈ ਸੁਬ੍ਹਾ, ਦੁਪਹਿਰ, ਸ਼ਾਮ ਤੇ ਰਾਤ
ਤੂੰ ਤਾਂ ਇਕ ਲਾਟ ਹੈ ਮਿੱਤਰਾ
ਜਿਸ ਹਨ੍ਹੇਰੇ ਮਹਾਂਦੀਪਾਂ ਲਈ ਰੋਸ਼ਨੀ ਦੀ ਕਿਰਨ ਬਨਣਾ ਹੈ
ਜਿਸਨੇ ਅਮਲਤਾਸ ਦੇ ਫੁੱਲ ਨਹੀਂ
ਸਗੋਂ ਸਰਹੋਂ ਦੀਆਂ ਗੰਦਲਾ ਬਨਣਾ ਹੈ
ਪਾਲਕ ਵਰਗੀ ਬੱਦਲਾਂ ਦੀ ਪਹਿਲੀ ਕਣੀ
ਚੰਗੇਰ 'ਚ ਲੱਥੀਆਂ ਰੋਟੀਆਂ ਦੀ ਖੁਸ਼ਬੋ
ਹਾਰੇ ਤੋਂ ਲਾਹੇ ਦੁੱਧ ਦੀ ਮਹਿਕ
ਮੇਰੀ ਇਸ ਕਵਿਤਾ ਤੋਂ ਪਰੇ ਵੀ ਅਜੇ
ਤੇਰੇ ਜਿੰਦਾ ਰਹਿਣ ਲਈ ਅਨੰਤ ਤਸ਼ਬੀਹਾਂ ਹਨ-
ਪਰ ਅਸੀਂ ਯਾਦ ਰੱਖਾਂਗੇ
ਉਨ੍ਹਾਂ ਲੋਕਾਂ ਨੂੰ ਜੋ ਹਵਾ ਦਾ ਰੁੱਖ ਵਿੰਹਦੇ ਰਹੇ
ਕਿ ਜੇ ਹਵਾ ਚਲੇ ਤਾਂ ਆਪਣੇ ਛੱਜਾਂ ਵਿਚ
ਤੈਨੂੰ ਅਰਪਿਤ ਸੈਂਡ ਦੀ ਛੱਜਲੀ ਉਡਾਵਾਂਗੇ
ਤੈਨੂੰ ਖੇਤਾਂ ਦਾ ਪੁੱਤ ਆਖਣ ਵਾਲੇ ਤਾਂ ਬੜੇ ਹਨ,
ਪਰ ਖੇਤਾਂ ਦੇ ਅਰਥ ਦਿੱਲੀ ਦੇ ਤਖਤ ਤੀਕਰ ਕਿਵੇਂ ਅਪੜੇ
ਸ਼ਾਇਦ ਉਹ ਜਾਨਣਾ ਹੀ ਨਹੀਂ ਚਾਹੁੰਦੇ-
ਤੇ ਉਹ ਲੇਖਕ
ਜੋ ਕੱਲ ਝੂਠੀ ਮੂਠੀ ਦੀ ਲੋਕ ਰੋਅ ਨੂੰ ਸੜਾਂਕਦੇ ਹੋਏ
ਮਹਾਂ ਨਾਵਲ ਲਿਖਣ ਦਾ ਦੰਭ ਰਚਦੇ ਸਨ,
ਤੇਰੀ ਸ਼ਰਧਾਂਜ਼ਲੀ ਤੇ ਅੱਪੜੇ ?
ਸਾਡੇ ਲਈ ਕਿੰਨਾ ਅਸਹਿ ਸੀ
ਜਦੋਂ ਕਿ ਇਸ ਕਮਰੇ ਦੀ ਛੱਤ ਹੇਠ ਬੈਠ
ਆਪਾਂ ਖੁਲ ਅਸਮਾਨ ਦੀ ਸੀਮਾਂ ਨੂੰ ਅਨੰਤ ਦਸਿਆ ਸੀ
ਧਰਤ ਦੇ ਬੋਟਾਂ ਦਾ ਆਲ੍ਹਣਾ,
ਉਨ੍ਹਾਂ ਦੇ ਜੀਣ ਦੀ ਅਣਖ ਹੁੰਦਾ ਹੈ, ਦਸਿਆ ਸੀ
ਉਂਜ ਸਾਨੂੰ ਮਾਣ ਹੈ ਕਿ ਲੋਕਾਂ ਤੈਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ
ਪਰ ਉਨ੍ਹਾਂ ਕਵੀਆਂ ਨਾਲ ਅਜੇ ਸੰਵਾਦ ਕਰਨਾ ਹੈ
ਜੋ ਤੈਨੂੰ ਫੁੱਲ ਭੇਂਟ ਕਰਦੇ ਹੋਏ ਵੀ
ਵੋਟ ਦੀ ਪਰਚੀ 'ਚੋਂ ਸੂਹਾ ਭਵਿੱਖ ਤਕਦੇ ਹਨ
ਜੋ ਅਜੇ ਵੀ ਕੱਚੀ ਝੁੱਗੀ ਦੀ ਜ਼ਿੰਦਗੀ ਨੂੰ
ਕੇਵਲ ਨਿਮਨ ਸਾਹਿੱਤ ਮੰਨਦੇ ਹਨ
ਜੋ ਵਿਸ਼ਵ ਵਿਦਿਆਲਿਆਂ 'ਚ ਛੁੱਪ ਕੇ ਆਖਦੇ ਹਨ:
ਹੈ ਕੋਈ ? ਜੋ ਇਸ ਸਾਧ ਬਾਰੇ ਨਜ਼ਮ ਲਿਖੇ
ਤੇ ਉਹ ਲੇਖਕ
ਜੋ ਤੇਰੀਆਂ ਅਣਛਪੀਆਂ ਕਵਿਤਾਵਾਂ ਛਾਪਣ ਦੇ ਇਵਜ਼ 'ਚ
ਆਪਣੀ ਡਿਗ ਰਹੀ ਸ਼ਾਖ ਨੂੰ ਠੁੰਮਣਾ ਦੇ ਰਹੇ ਹਨ-
ਇਸ ਲਈ ਨਹੀਂ ਕਿ ਤੇਰੇ ਕਬੀਰ ਹੋਣ ਤੇ ਸ਼ੱਕ ਹੈ
ਇਸ ਲਈ ਕਿ ਕੁਰਸੀ ਦਾ ਮਾਖਿਉ ਚੱਟਣ ਵਾਲੇ ਸ਼ਾਇਰਾਂ ਨੂੰ
ਜਦੋਂ ਕਬੀਰ ਦੇ ਹੀ ਪੁਰਸਕਾਰ ਮਿਲੇ
ਇਸ ਲਈ ਨਹੀਂ ਕਿ
ਤੇਰੇ ਤੋਂ ਬਿਨਾਂ ਧੁੰਦਾ ਤੇ ਰੁੱਤਾਂ ਦੇ ਨਾਮ ਮਿੱਟ ਜਾਣਗੇ
ਇਸ ਲਈ ਕਿ ਆਦਰ 'ਚ ਜੁੜੇ ਹੱਥ
ਜਦੋਂ ਤੇਰੇ ਬਦੇਸ਼ੀ 'ਸਾਨ੍ਹ' ਲੇਖਕਾਂ ਨੂੰ ਮਜ਼ਮਾ ਲੱਗੇ
ਇਸ ਲਈ ਵੀ ਕਿ ਤੇਰੇ ਜਾਣ ਬਾਦ
ਤੈਨੂੰ ਵੇਚਣ ਵਾਲਿਆਂ ਦੀਆਂ
ਰੇੜੀਆਂ ਦੀ ਭੀੜ ਦੇਖ ਅਸੀਂ ਹੱਸੇ ਤੇ ਕਿਹਾ:
ਕਾਸ਼। ਜੇ ਏਸੇ ਦਾ ਨਾਮ ਪਾਸ਼ ਹੁੰਦਾ
ਤਾਂ ਤੂੰ ਕਦੋਂ ਦਾ ਮਰ ਖਪ ਗਿਆ ਹੁੰਦਾ
ਪਰ ਤੂੰ ਤਾਂ ਐਸੀ ਕਿਰਨ ਹੈ ਮਿੱਤਰਾ
ਜਿਸ ਹਨ੍ਹੇਰੇ ਘੁਰਨਿਆਂ 'ਚ ਦੜੇ ਦੋ ਪੈਰਾਂ ਜੀਵਾਂ ਨੂੰ,
ਜੀਣ ਦੀ ਮੜਕ ਦੱਸੀ

ਟਿਊਬਵੈਲ ਦੀ ਉਹ ਕੋਠੀ ਜਿਸਦੀ ਕੰਧ ਨਾਲ ਪਾਸ਼ ਅਤੇ ਉਸਦਾ ਸਾਥੀ ਨਹਾਉਣ ਉਪਰੰਤ ਬੈਠੇ ਸਨ ਜਦ ਕਿ ਘਾਤ ਲਾਈ ਬੈਠੇ ਕਾਤਲਾਂ ਨੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ।



ਫੋਟੋ: ਰਵਿੰਦਰ ਸਹਿਰਾਅ

ਜਿਸ ਚੜ੍ਹ ਗਹਿਰ ਵਿਚ ਵੀ
ਸਿੰਮਲ ਰੁੱਖਾਂ ਦੇ ਫੁਲਾਂ ਦਾ ਨਿਰਣਾ ਕੀਤਾ-
ਸਬਰ ਦੀਆਂ ਨਦੀਆਂ ਦੇ ਬਰੇਤੇ ਤੇਰੇ ਜੀਂਦਿਆਂ ਵੀ ਲੂਸਦੇ ਸਨ
ਭਾਣੇ ਦੀਆਂ ਤਵੀਆਂ ਉਦੋਂ ਵੀ ਤੱਤੀਆਂ ਹੋ ਮੱਚਦੀਆਂ ਸਨ
ਪਰ ਕਾਸ਼। ਇਸ ਖੁਰਦਬੀਨੀ ਧੁੱਪਾਂ 'ਚੋਂ ਅਸੀਂ
ਤੇਰੀਆਂ ਅਲਵਿਦਾ ਘੜੀਆਂ ਦਾ ਤਸੱਵਰ ਤਕਿਆ ਹੁੰਦਾ
ਕਾਸ਼। ਉਹ ਸਾਰੀਆਂ ਗੱਲਾਂ ਜੋ ਆਪਾਂ ਕਰਨੀਆਂ ਸਨ
ਧੂੜ ਉੱਡਦੇ ਰਾਹਾਂ ਤੇ, ਆਪਾਂ ਕਰ ਸਕੇ ਹੁੰਦੇ
ਕਾਸ਼। ਜਿਨ੍ਹਾਂ ਲਈ ਕਵਿਤਾ ਦੀ ਚੱਪਣੀ ਹੀ ਬਾਕੀ ਸੀ
ਉਹ ਸਮੇਂ ਦੇ ਪਾਣੀਆਂ ਦੀ ਹੀ ਸ਼ਰਮ ਕਰਦੇ
ਪਰ ਸਮਾਂ ਹੈ ਨਾ,
ਰੁਕ ਨਹੀਂ ਸਕਦਾ ਮੇਰੇ ਜੰਜੀਰਾਂ ਬੰਨਣ ਤੋਂ ਵੀ-
ਅਸੀਂ ਪਲ ਤੇ ਘੜੀਆਂ ਜੀਵੇ, ਐਨ ਜਿੰਦਾ ਹਨ
ਉਹ ਰਾਹ ਜਿਨ੍ਹਾਂ ਤੇ ਤੂੰ ਤੁਰਿਆ
ਤੇਰੀਆਂ ਕਾਵਿ-ਮੁਸ਼ਕਿਲਾਂ ਸਮੇਤ ਜਿੰਦਾ ਹਨ
ਇਸੇ ਲਈ ਫ਼ਿਲਹਾਲ
ਆਹ ਕਾਰਾਂ ਤੇ ਫੈਕਟਰੀਆਂ ਤੇ ਉਤਰ ਰਹੀ ਸਵੇਰ
ਅਸੀਂ ਤੇਰੇ ਨਾਮ ਕਰਦੇ ਹਾਂ
ਆਹ ਦੱਖਣੀ ਪੁਰੇ ਦੀ ਹਵਾ
ਤੇ ਝੋਨਿਆਂ ਦੀਆਂ ਮੁੰਜਰਾਂ ਤੇ ਅਟਕੀ ਦੁਪਹਿਰ
ਤੈਨੂੰ ਭੇਂਟ ਕਰਦੇ ਹਾਂ
ਅਸੀਂ ਇਸ ਧਰਤ ਨੂੰ ਸਾਂਭ ਰੱਖਾਂਗੇ
ਤੇ ਲੋਕਾਂ ਦੀ ਸਰਜ਼ਮੀਂ ਵਿਚੋਂ
ਤੇਰੇ ਆਦਰਸ਼ਾਂ ਦੇ ਨਵੇਂ ਫੁੱਲ ਉਗਾਵਾਂਗੇ
ਅਸੀਂ ਤੈਨੂੰ ਆਪਣੇ ਸਿਰਾਂ ਦੀ ਸਲਾਮੀ ਦਿੰਦੇ ਹਾਂ
ਕਿ ਤੂੰ ਸਾਡੇ 'ਚ ਅਜੇ ਵੀ ਜਿੰਦਾ ਹੈ-
ਇਤਿਹਾਸ ਦੇ ਚਲਦੇ ਹੋਏ ਸਾਹ ਵਾਂਗ।
ਇਤਿਹਾਸ ਦੇ ਚਲਦੇ ਹੋਏ ਸਾਹ ਵਾਂਗ।

# ਪਾਸ਼

-ਸਾਧੂ

ਪਾਸ਼ ਕਵਿਤਾ ਬਣ ਕੇ
ਕਲਮਾਂ ਦੇ ਮੂਹਰੇ ਆ ਗਿਆ ਹੈ
ਪਾਸ਼ ਲਕਸ਼ ਬਣ ਕੇ
ਕਦਮਾਂ ਦੇ ਮੂਹਰੇ ਆ ਗਿਆ ਹੈ

ਪਾਸ਼ ਉਹ ਸ਼ਬਦ ਬਣ ਗਿਆ ਹੈ
ਅਰਥ ਜਿਸਦੇ ਫੈਲਦੇ ਹੀ ਰਹਿਣਗੇ
ਪਾਸ਼ ਉਹ ਅਰਥ ਬਣ ਗਿਆ ਹੈ
ਸ਼ਬਦ ਜਿਸਤੋਂ ਜਨਮਦੇ ਹੀ ਰਹਿਣਗੇ

ਪਾਸ਼ ਉਹ ਗੀਤ ਬਣ ਗਿਆ ਹੈ
ਜੋ ਭੈਣ ਆਪਣੇ ਵੀਰ ਲਈ ਗਾਇਆ ਕਰੇਗੀ
ਪਾਸ਼ ਉਹ ਲੋਰੀ ਬਣ ਗਿਆ ਹੈ
ਜੋ ਮਾਂ ਆਪਣੇ ਬੱਚੇ ਨੂੰ ਸੁਣਾਇਆ ਕਰੇਗੀ

ਪਾਸ਼ ਉਹ ਸੁਪਨਾ ਹੈ
ਜੋ ਅੱਖਾਂ 'ਚ ਸਜਾਇਆ ਕਰਾਂਗੇ
ਪਾਸ਼ ਉਹ ਨਗਮਾ ਹੈ
ਜੋ ਕੱਠਾਂ 'ਚ ਗਾਇਆ ਕਰਾਂਗੇ

ਪਾਸ਼ ਉਹ ਪਿਆਰ ਹੈ
ਜੋ ਲੋਕਾਂ, ਖੇਤਾਂ ਤੇ ਸ਼ਬਦਾਂ ਨਾਲ ਕੀਤਾ ਜਾਏਗਾ
ਪਾਸ਼ ਉਹ ਯੁੱਧ ਹੈ
ਜੋ ਹੱਥਾਂ, ਫਸਲਾਂ ਤੇ ਅਰਥਾਂ ਲਈ ਕੀਤਾ ਜਾਏਗਾ

# ਧਰਤ ਪੰਜਾਬ ਦੀਏ

ਰਵਿੰਦਰ ਸਹਿਰਾਅ

ਉੱਜੜੇ ਤੇਰੇ ਖੇਤ
ਨੀ ਧਰਤ ਪੰਜਾਬ ਦੀਏ।
ਹੱਸਦੇ ਵਸਦੇ ਘਰਾਂ ਦੇ ਅੰਦਰ
ਛਾ ਗਏ ਜਿਵੇਂ ਪ੍ਰੇਤ
ਨੀ ਧਰਤ ਪੰਜਾਬ ਦੀਏ।

ਸੰਤਾਲੀ ਦੇ ਜ਼ਖਮ ਨੇ ਅੱਲੇ।
ਨਵੇਂ ਨੇ ਸਾਡੇ ਪੈ ਗਏ ਪੱਲੇ।
ਸੀਨੇ ਚੋਂ ਉੱਠੇ ਸੇਕ
ਨੀ ਧਰਤ ਪੰਜਾਬ ਦੀਏ।

ਭੈਣਾਂ ਦੇ ਅੱਜ ਕੇਸ ਨੇ ਖੁੱਲੇ।
ਮਾਵਾਂ ਅੱਗ ਨਾ ਬਾਲਣ ਚੁੱਲ੍ਹੇ।
ਬਾਪ ਦੇ ਸੀਨੇ ਸੇਕ
ਨੀ ਧਰਤ ਪੰਜਾਬ ਦੀਏ।

ਇਹ ਕੰਮ ਸਿਰਫ ਨੇ ਕਰਦੇ ਕਾਇਰ।
ਮਾਰਨੇ ਆਮ ਲੋਕ ਤੇ ਸ਼ਾਇਰ।
ਜੈਮਲ,ਪਾਸ਼ ਸਮੇਤ
ਨੀ ਧਰਤ ਪੰਜਾਬ ਦੀਏ।

ਪਾਣੀਆਂ ਵਿਚ ਹੈ ਜ਼ਹਿਰ ਮਿਲਾਈ।
ਇੱਜ਼ਤਾਂ ਉਪਰ ਹੈ ਬਣ ਆਈ।
ਕਿਵੇਂ ਕੋਈ ਲਏ ਸਮੇਟ
ਨੀ ਧਰਤ ਪੰਜਾਬ ਦੀਏ।

ਰਾਜ ਭਾਗ ਨੂੰ ਚੰਬੜੇ ਚੋਰ।
ਧਰਮ ਦੇ ਨਾਂ ਤੇ ਪੈਂਦਾ ਸ਼ੋਰ।
ਲਹੂ 'ਚ ਲਿਬੜੀ ਰੇਤ
ਨੀ ਧਰਤ ਪੰਜਾਬ ਦੀਏ।

ਭੰਗੜੇ ਕਿੱਕਲੀਆਂ ਗਿੱਧੇ ਭੁੱਲੇ।
ਖ਼ੂਨ 'ਚ ਰੱਤੇ ਹਵਾ ਦੇ ਬੁੱਲੇ।
ਕੌਣ ਵੰਝਲੀ ਤੇ ਲਾਵੇ ਹੇਕ
ਨੀ ਧਰਤ ਪੰਜਾਬ ਦੀਏ।

ਬੂਝਾ ਸਿੰਘ, ਮਰਗਿੰਦ ਬਣਾਂਗੇ।
'ਰਵੀ' ਦੇ ਵਾਰਿਸ 'ਜਿੰਦ' ਬਣਾਂਗੇ।
ਪਰਖੀਂ ਬੁਰੇ ਤੇ ਨੇਕ
ਨੀ ਧਰਤ ਪੰਜਾਬ ਦੀਏ।


ਕਰਤਾਰ ਫੋਟੋਸਟੂਡੀਓ

1 HOUR PHOTO
SERVICE
KARTAR PHOTO
STUDIO



We do Passport, 5 Mins. Service,
Portrait photos & Weddings.

4279 Fraser St. (27th Ave)
Vancouver, B.C.
872-6060

ਵਕੀਲ ਜਿਹੜੇ ਤੁਹਾਡੀ ਸਭਿਅਤਾ ਅਤੇ ਬੋਲੀ ਜਾਣਦੇ ਹਨ। DOSANJH & COMPANY

(ਵਕੀਲ)

ਉੱਜਲ ਦੁਸਾਂਝ ਅਤੇ ਟੌਮ ਵੂਲੀ

202-5887 ਵਿਕਟੋਰੀਆ ਡਰਾਈਵ
ਵੈਨਕੂਵਰ, ਬੀ.ਸੀ.

* ਆਈ. ਸੀ. ਬੀ. ਸੀ.
( ਕਾਰ ਐਕਸੀਡੈਂਟ ਦੇ ਕਲੇਮ ਪ੍ਰਤੀਸ਼ਤ ਫੀਸ)
*ਡਾਇਵੋਰਸ ਤੇ ਫੈਮਲੀ ਦੇ ਕੇਸ
*ਇਮੀਗਰੇਸ਼ਨ ਦੀਆਂ ਅਪੀਲਾਂ
*ਸੁਪਰੀਮ ਕੋਰਟ ਸਿਵਲ ਟਰਾਇਲਾਂ।

ਇਸ ਤਰ੍ਹਾ ਦੇ ਕੇਸਾਂ ਦਾ ਸਾਡਾ 12 ਸਾਲਾਂ ਦਾ ਤਜਰਬਾ ਹੈ।

ਮੁੱਢਲੀ ਸਲਾਹ ਮੁਫਤ

ਅਪਾਂਇੰਟਮੈਂਟ ਲਈ ਫੋਨ ਕਰੋ।

ਫੋਨ: 327-6381

# ਡਾਕਟਰ ਰਵਿੰਦਰ ਰਵੀ



ਪੰਜਾਬੀ ਬੋਲੀ ਤੇ ਲੋਕਾਂ ਦੇ ਹੱਕਾਂ ਦਾ ਇਕ ਬਹੁਤ ਹੀ ਸੁਘੜ ਘੁਲਾਟੀਏ ਡਾਕਟਰ ਰਵਿੰਦਰ ਰਵੀ ਵੀ ਜਨੂੰਨੀਆਂ ਦੀ ਗੋਲੀ ਦਾ ਸ਼ਿਕਾਰ ਹੋ ਗਏ ਹਨ। ਡਾ: ਰਵੀ ਦੇ ਕਤਲ ਨਾਲ ਜੋ ਘਾਟਾ ਪਿਆ ਹੈ ਉਹ ਸ਼ਾਇਦ ਕਦੀ ਵੀ ਪੂਰਾ ਨਾ ਹੋ ਸਕੇ। ਉਹ ਪੰਜਾਬੀ ਦੇ ਬਹੁਤ ਹੀ ਸੁਲਝੇ ਹੋਏ ਵਿਦਵਾਨ ਸਨ। ਉਹਨਾਂ ਦੇ ਹੁਣ ਤੱਕ ਕੀਤੇ ਕੰਮਾਂ ਵੱਲ ਦੇਖ ਕੇ ਹੁੰਦੀ ਖੁਸ਼ੀ ਹੁਣ ਸੋਗ ਤੇ ਗੁੱਸੇ 'ਚ ਬਦਲ ਜਾਂਦੀ ਹੈ ਕਿ ਰਵੀ ਨੇ ਪੰਜਾਬੀ ਸੋਚ, ਬੋਲੀ, ਸਾਹਿਤ ਤੇ ਸਭਿਆਚਾਰ ਨੂੰ ਆਪਣੀ ਮੌਲਕ ਖੋਜ ਅਤੇ ਲਿਖਤ ਨਾਲ ਅਜੇ ਕਿੰਨਾ ਹੋਰ ਅਮੀਰ ਬਣਾਉਣਾ ਸੀ। ਆਪਣੇ ਕਾਲਜ ਦੇ ਦਿਨਾਂ ਤੋਂ ਲੈ ਕੇ ਅਖੀਰ ਤੱਕ ਰਵੀ ਇਕ ਵਧੀਆ ਸਮਾਜ ਸਿਰਜਣ ਦੇ ਸਾਂਝੇ ਸੁਪਨੇ ਵਿਚ ਆਪਣਾ ਯੋਗਦਾਨ ਪਾਉਂਦੇ ਰਹੇ। ਪੰਜਾਬੀ ਬੋਲੀ ਲਈ ਕੀਤੀ ਉਹਨਾਂ ਦੀ ਘਾਲਣਾ ਉਹਨਾਂ ਦੇ ਕੰਮਾਂ ਦੀ ਇਕ ਵਧੀਆ ਮਿਸਾਲ ਹੈ। ਡਾਕਟਰ ਰਵੀ ਦਾ ਕਤਲ ਵੀ ਹਨੇਰੇ ਨੂੰ ਡਰ ਤੋਂ ਲਗਦੇ ਚਾਨਣ ਦਾ ਨਤੀਜਾ ਹੀ ਹੈ। ਪਰ ਜੇ ਕਤਲ ਕਰਨ ਵਾਲੇ ਸਮਝਦੇ ਹਨ ਕਿ ਰਵੀ (ਸੂਰਜ) ਕਤਲ ਹੋ ਸਕਦਾ ਹੈ ਤਾਂ ਸਚਮੁੱਚ ਉਹ ਕਿਡੇ ਭੁਲੇਖੇ 'ਚ ਜੀ ਰਹੇ ਹਨ। ਰਵੀ ਦੀਆਂ ਬਾਲੀਆਂ ਚਿਣਗਾਂ ਰੋਸ਼ਨੀ ਵੱਲ ਵਧਦੀਆਂ ਹੀ ਰਹਿਣਗੀਆਂ। ਡਾਕਟਰ ਰਵਿੰਦਰ ਰਵੀ ਉਹਨਾਂ ਪੰਜਾਬੀਆਂ 'ਚੋਂ ਹਨ ਜਿਹਨਾਂ ਨੂੰ ਕਦੀ ਵੀ ਭੁਲਾਇਆ ਨਹੀਂ ਜਾਏਗਾ।

-ਸੰਪਾਦਕ



# ਨਾਟਕਕਾਰ ਸਫ਼ਦਰ ਹਾਸ਼ਮੀ



"ਜੇ ਲੋਕ ਥੀਏਟਰ ਤੱਕ ਨਹੀਂ ਆਉਂਦੇ ਤਾਂ ਥੀਏਟਰ ਨੂੰ ਲੋਕਾਂ ਤੱਕ ਜਾਣਾ ਚਾਹੀਦਾ ਹੈ", ਇਹ ਸੋਚ ਰੱਖਣ ਵਾਲੇ ਤੇ ਇਸ ਤੇ ਪੂਰਾ ਉਤਰਨ ਵਾਲੇ ਦਿੱਲੀ ਦੇ ਰੰਗਕਰਮੀ ਸਫ਼ਦਰ ਹਾਸ਼ਮੀ ਨੇ ਨਾਟਕ ਨੂੰ ਲੋਕ-ਹੱਕਾਂ ਦੇ ਘੋਲ ਲਈ ਇਕ ਜਬਰਦਸਤ ਹਥਿਆਰ ਬਣਾ ਦਿੱਤਾ - ਇੰਨਾ ਜਬਰਦਸਤ ਕਿ ਹਾਕਮ ਬੌਖਲਾ ਗਏ। ਆਪਣੇ ਡਰ ਤੇ ਕਾਬੂ ਪਾਉਣ ਲਈ ਹਾਕਮਾਂ ਵਲੋਂ ਹਾਸ਼ਮੀ ਨੂੰ ਦਿਨ ਦਿਹਾੜੇ ਕਤਲ ਕਰਵਾ ਦਿੱਤਾ ਗਿਆ। ਹਾਸ਼ਮੀ ਉਪਰ ਉਸ ਵੇਲੇ ਹਮਲਾ ਕੀਤਾ ਗਿਆ ਜਦੋਂ ਉਹ ਆਪਣਾ ਉਹ ਨੁੱਕਰ ਨਾਟਕ ਪੇਸ਼ ਕਰ ਰਹੇ ਸਨ ਜੋ ਹਾਕਮਾਂ ਦੀ ਅਸਲੀਅਤ ਨੂੰ ਲੋਕਾਂ ਸਾਹਮਣੇ ਪੇਸ਼ ਕਰਦਾ ਸੀ।

ਸਫ਼ਦਰ ਹਾਸ਼ਮੀ ਨਾਟਕਕਾਰ ਸੀ, ਨਿਰਦੇਸ਼ਕ ਸੀ, ਅਭਿਨੇਤਾ ਸੀ, ਕ੍ਰਾਂਤੀਕਾਰੀ ਸੀ, ਰਾਸ਼ਟਰਵਾਦੀ ਸੀ, ਤੇ ਇਕ ਕੋਮਲ ਭਾਵੀ ਇਨਸਾਨ ਸੀ ਪਰ ਇਸ ਤੋਂ ਵੀ ਵੱਧ, "ਸਫਦਰ ਉਹ ਸਭ ਕੁਝ ਸੀ ਜੋ ਕੁਝ ਬਣਨ ਦਾ ਅਸੀਂ ਸਾਰਿਆਂ ਕਦੀ ਸੁਪਨਾ ਵੇਖਿਆ ਸੀ। ਉਸ ਦੀ ਲੇਖਣੀ, ਉਸ ਦੀ ਸੋਚ ਅਤੇ ਉਸ ਦੇ ਕਰਮ ਵਿਚ ਇਕ ਸਮਾਨਤਾ, ਇਕ ਸਹਿਜ ਮੇਲ ਸੀ। ਉਹ ਇਕ ਆਦਰਸ਼ ਇਨਸਾਨ ਅਤੇ ਇਕ ਬਹੁਤ ਉੱਚਾ ਕਿਰਦਾਰ ਸੀ ਜੋ ਆਮ ਤੌਰ ਤੇ ਕਿਤਾਬਾਂ ਵਿਚ ਹੀ ਪੜ੍ਹਨ ਨੂੰ ਮਿਲਦਾ ਹੈ। ਜੋ ਵੀ ਉਸ ਨੂੰ ਮਿਲਿਆ, ਉਸ ਤੋਂ ਪ੍ਰਭਾਵਿਤ ਹੋਏ ਬਿਨ੍ਹਾਂ ਨਹੀਂ ਰਹਿ ਸਕਿਆ। ਸਫਦਰ ਸਾਡੇ ਵਿਚੋਂ ਹੁੰਦਿਆਂ ਹੋਇਆਂ ਸਾਡੇ ਸਾਰੇ ਬੁੱਧੀਜੀਵੀਆਂ ਤੋਂ ਇਕ ਖਾਸ ਤਰ੍ਹਾਂ ਕਿਤੇ ਅੱਗੇ ਸੀ।" (ਮਨਮੋਹਨ ਸਿੰਘ ਬਾਵਾ - ਮੰਚਣ-9)

ਇਕ ਸੱਚੇ ਸੁੱਚੇ ਕਲਾਕਾਰ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹੋਏ ਅਸੀਂ ਵੀ ਮੰਚਣ ਦੇ ਸੰਪਾਦਕਾਂ ਦੀ ਇਹ ਸੋਚ ਦੁਹਰਾਉਂਦੇ ਹਾਂ:"ਆਉ ਗੰਭੀਰ ਹੋ ਕੇ ਆਪਣੇ ਮੁਲਕ ਦੀ ਉਸ ਸਥਿਤੀ ਦੇ ਰੂਬਰੂ ਖੜੇ ਹੋਈਏ ਜਿਸ ਵਿਚ ਇਕ ਸੱਚੇ ਕਲਾਕਾਰ ਨੂੰ ਮਾਰ ਮੁਕਾਉਣ ਦੀ ਲੋੜ ਪੈ ਜਾਂਦੀ ਹੈ।"

- ਸੰਪਾਦਕ

# ਪੰਜਾਬੀ ਕਵੀ
# ਜੈਮਲ ਸਿੰਘ ਪੱਡਾ

ਪੰਜਾਬ ਦੀ ਮੌਜੂਦਾ ਜਨੂੰਨੀ ਹਨੇਰੀ ਨੇ ਅਗਾਂਹਵਧੂ ਸੋਚ ਰੱਖਣ ਵਾਲੇ ਹਲਕਿਆਂ ਦਾ ਸੱਭ ਤੋਂ ਵੱਧ ਨੁਕਸਾਨ ਕੀਤਾ ਹੈ। ਸ਼ਾਇਦ ਇਹ ਕੁਦਰਤੀ ਵੀ ਹੈ। ਇਕ ਪਾਸੇ ਅੰਨ੍ਹਾ ਜਨੂੰਨ ਤੇ ਦੂਜੇ ਪਾਸੇ ਤਾਰਕਿਕ ਸੋਚ। ਨਤੀਜੇ ਵਜੋਂ ਪਿਛਲੇ ਸਾਲਾਂ ਵਿਚ ਖੱਬੀ ਲਹਿਰ ਦੇ - ਸਾਰੀਆਂ ਪਾਰਟੀਆਂ ਤੇ ਗਰੁੱਪਾਂ ਨਾਲ ਸੰਬੰਧ ਰੱਖਣ ਵਾਲੇ - ਅਨੇਕਾਂ ਵਧੀਆ ਕਾਮੇ, ਲਿਖਾਰੀ ਤੇ ਬੁੱਧੀ ਜੀਵੀ ਕਤਲ ਕੀਤੇ ਗਏ ਹਨ। ਜੈਮਲ ਸਿੰਘ ਪੱਡਾ ਦਾ ਕਤਲ ਵੀ ਇਸੇ ਲੜੀ ਦਾ ਹਿੱਸਾ ਹੈ।
ਇਕ ਅਗਾਂਹਵਧੂ ਕਵੀ ਹੋਣ ਦੇ ਨਾਲ ਨਾਲ ਪੱਡਾ ਲੋਕ ਹੱਕਾਂ ਲਈ ਜੂਝਣ ਵਾਲਾ ਇਕ ਬਹੁਤ ਹੀ ਸਰਗਰਮ ਕਾਮਾ ਵੀ ਸੀ। ਇਸ ਅਗਾਂਹਵਧੂ ਕਵੀ ਨੂੰ ਸ਼ਰਧਾਂਜਲੀ ਦੇ ਤੌਰ ਤੇ ਉਹਦੀ ਹੀ ਇਕ ਗਜ਼ਲ ਪਾਠਕਾਂ ਨਾਲ ਸਾਂਝੀ ਕਰਦੇ ਹਾਂ:

ਸਿਦਕ ਸਾਡੇ ਨੇ ਕਦੇ ਮਰਨਾ ਨਹੀਂ।
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ।

ਕਤਲ ਹੋਣਾ ਨਹੀਂ ਪਵਿੱਤਰ ਸੋਚ ਨੇ,
ਕੂੜ ਦਾ ਬੇੜਾ ਕਦੇ ਤਰਨਾ ਨਹੀਂ।

ਹੁਸਨ ਦੇ ਪੈਰਾਂ 'ਚ ਭਾਵੇਂ ਬੇੜੀਆਂ,
ਉਸ ਦੀ ਪਰ ਮਟਕ ਨੇ ਮਰਨਾ ਨਹੀਂ।

ਜ਼ੁਲਮ ਦੀ ਚੱਕੀ 'ਚ ਪਿਸਦੇ ਕਾਮਿਓਂ,
ਜੋ ਮੁਕਤੀ ਬਿਨਾਂ ਸਰਨਾ ਨਹੀਂ।

ਮੰਜ਼ਿਲਾਂ ਨੂੰ ਕਦਮ ਵਧਦੇ ਰਹਿਣਗੇ,
ਰਾਜ਼ੀਨਾਮਾ ਵਕਤ ਨਾਲ ਕਰਨਾ ਨਹੀਂ।

ਪੈਰ ਸੂਲ੍ਹਾਂ ਤੇ ਵੀ ਨਚਦੇ ਰਹਿਣਗੇ,
ਬੁੱਤ ਤਨ ਕੇ ਪੀੜ ਨੂੰ ਜਰਨਾ ਨਹੀਂ।

ਆਉਣ ਵਾਲਾ ਕੱਲ੍ਹ ਸਾਡਾ ਦੋਸਤੋ,
ਹਿੰਮਤ ਅੱਗੇ ਜਬਰ ਨੇ ਖੜਨਾ ਨਹੀਂ।

# ਪੈਰੋਡੀ

## ਜਸਪਾਲ ਸਿੰਘ ਸੂਸ

ਗਜ਼ਲ 1

ਕਿਸ ਕੋਲੋਂ ਕੋਈ ਸੁਪਨਾ ਮੰਗੇ।
ਥਾਂ ਥਾਂ ਲੋਕੀ ਰੰਗ-ਬੇਰੰਗੇ।

ਹਾਰ ਗਏ ਹਾਂ ਉਸਦੇ ਅੱਗੇ,
ਜਦ ਤੋਂ ਉਸਨੇ ਸੂਲੀ ਟੰਗੇ।

ਕਹਿਣ ਸਿਆਣੇ ਸਦੀਆਂ ਪਹਿਲਾਂ,
ਲੋਕੀਂ ਸਨ ਕੁਝ ਹੁਣ ਤੋਂ ਚੰਗੇ।

ਵਸਲ ਘੜੀ ਹੈ ਸੁਪਨਾ ਹੋਈ,
ਗਮ ਦਾ ਕਾਲਾ ਫਨੀਅਰ ਡੰਗੇ।

ਸ਼ੇਰਾਂ ਦੇ ਇਸ ਯੁਗ ਦੇ ਅੰਦਰ,
ਕਿੰਝ ਕੋਈ ਲੈ ਸਕਦਾ ਪੰਗੇ।

ਮਜਬੂਰੀ ਦਾ ਫਾਇਦਾ ਤੱਕ ਕੇ,
ਮੁੜ ਮੁੜ ਆ ਉਹ ਮੋਹਰੇ ਖੰਗੇ।

ਤੇਰਾ ਮਿਲਣਾ ਈਦ ਬਰਾਬਰ,
ਕੀ ਜਾਨਣ ਲੋਕੀਂ ਦਿਲ ਤੰਗੇ।

ਹੰਝੂ ਡੁਲ ਡੁਲ ਛਹਿਬਰ ਲੱਗੇ,
ਜਦ ਵੀ ਸੱਜਣ ਅੱਖੀਓਂ ਲੰਘੇ।

ਮਾੜੇ ਦਿਨ ਵੀ ਲੰਘ ਜਾਵਣਗੇ,
ਜਿਵੇਂ ਲੰਘ ਗਏ ਪਹਿਲਾਂ ਚੰਗੇ।

ਗਜ਼ਲ 2

ਜਦੋਂ ਕਦੇ ਲੋਕਾਂ ਹੱਕ ਮੰਗੇ।
ਉਹਨਾਂ ਕਰਾਏ ਧਰਮੀ ਦੰਗੇ।

ਐਸੇ ਦੇਸ਼ 'ਚ ਇਸ ਯੁਗ ਵਿਚ,
ਫਿਰਦੇ ਕਿਰਤੀ ਭੁੱਖੇ - ਨੰਗੇ।

ਇਕ ਰੰਗ ਦਾ ਕੋਈ ਭੇਤ ਨਾ ਜਾਣੇ,
ਚਰਚਾ ਵਿਚ ਰੰਗ, ਰੰਗ-ਬੇਰੰਗੇ।

ਲੋਕੀਂ ਡਰਦੇ ਅੰਦਰ ਵੱਸਣ,
ਥਾਂ ਥਾਂ ਜਿੰਨ ਜਨੂੰਨੀ- ਖੰਗੇ।

ਇਕ ਪਾਸਾ ਅੱਗ ਦੇ ਵਿਚ ਝੁਲਸੇ,
ਦੂਜਾ ਪਾਸਾ ਫਾਹੇ ਟੰਗੇ।

ਜਿਹੜੇ ਰਾਹ ਵੀ ਘਰ ਨੂੰ ਜਾਈਏ
ਰਤ ਦੀ ਗੰਗਾ ਅੱਗਿਓਂ ਲੰਘੇ।

ਆਪਣੇ ਘਰ ਵਿਚ ਅੱਗਾਂ ਲਾ ਕੇ,
ਆਪ ਪਿਆ ਕੋਈ ਪਾਣੀ ਮੰਗੇ।

ਪ੍ਰੇਮ ਪ੍ਰੀਤਾਂ ਵਾਲੀ ਧਰਤੀ,
ਸਾਂਤੀ ਬੈਠੇ ਨੇ ਦਿਲ ਤੰਗੇ।

ਦਿਨ ਰਾਤੀਂ ਸਭ ਕਰਨ ਦੁਆਵਾਂ,
ਸ਼ਾਲਾ। ਮੁੜ ਆਵਣ ਦਿਨ ਚੰਗੇ।

# ਆਪਣੇ ਲੋਕ



## ਅਜਮੇਰ ਰੋਡੇ

ਆਥਣ ਦਾ ਵੇਲਾ ਸੀ। ਬਾਹਰਲੇ ਦਰਵਾਜੇ ਤੇ ਠੱਕ ਠੱਕ ਹੋਈ। ਜਿੰਦਰ ਨੇ ਉਠ ਕੇ ਬੂਹਾ ਖੋਲਿਆ। ਕੋਈ ਅਜਨਬੀ ਸੀ। ਉਸ ਦਾ ਪਹਿਰਾਵਾ, ਦੇਖਣੀ ਪਾਖਣੀ, ਝਾਕਣੀ ਸਭ ਕੁਝ ਹੋਰ ਈ ਕਿਸਮ ਦਾ ਸੀ। ਜਿੰਦਰ ਨੇ ਡਰ ਜਿਹੇ ਨਾਲ ਉਸ ਵੱਲ ਵੇਖਿਆ ਤੇ ਜਕਦੀ ਜਕਦੀ ਨੇ ਪੁੱਛਿਆ, "ਕਿਹਨੂੰ ਮਿਲਣੈ ਭਾਈ ਤੂੰ?"

ਅਜਨਬੀ ਨੇ ਕਿਸੇ ਓਪਰੀ ਬੋਲੀ ਵਿਚ ਕੋਈ ਗੱਲ ਕਹੀ ਜਿਸ ਦੀ ਜਿੰਦਰ ਨੂੰ ਉਕਾ ਕੋਈ ਸਮਝ ਨਾ ਪਈ।

"ਕੀ ਕਿਹਾ ਭਾਈ ਤੂੰ?"

ਅਜਨਬੀ ਫੇਰ ਪਹਿਲਾਂ ਵਾਂਗ ਹੀ ਬੋਲਿਆ। ਜਿੰਦਰ ਛਛੋਪੰਜ ਵਿਚ ਪੈ ਗਈ। ਬੂਹਾ ਬੰਦ ਕਰ ਕੇ ਚਿਟਕਣੀ ਲਾ ਲਵੇ ਜਾਂ ਇਸ ਅਧ ਅੰਗਰੇਜ ਜਿਹੇ ਮੁੰਡੇ ਨੂੰ ਅੰਦਰ ਬਿਠਾ ਲਵੇ। ਮੁੰਡੇ ਦੀ ਉਮਰ ਅਠਾਰਾਂ ਉਨੀ ਸਾਲ ਦੀ ਲਗਦੀ ਸੀ। "ਨਾ ਭੈਣੇ ਅਜ ਕੱਲ ਦੇ ਜ਼ਮਾਨੇ 'ਚ ਤਾਂ ਸਕਿਆਂ ਦਾ 'ਤਬਾਰ ਨੀ ਰਿਹਾ ਇਹ ਮੇਰਾ ਕੀ ਲਗਦੈ ਐਵੇਂ ਅੰਦਰ ਵੜਦਾ ਈ ਛੀ ਗੋਲੀ ਨਾ ਕੱਢ ਲਵੇ ਤੇ ਜਾਹ ਜਾਂਦੀਏ ਹੋ ਜੇ"। ਜਿੰਦਰ ਅੰਦਰੇ ਅੰਦਰ ਸੋਚ ਗਈ ਤੇ ਬੂਹਾ ਬੰਦ ਕਰਨ ਲਗੀ ।ਮੁੰਡਾ ਫੇਰ ਕਾਹਲੀ ਕਾਹਲੀ ਕੁਝ ਬੋਲਿਆ, ਇਸ ਵਾਰ ਉਸ ਨੇ ਜਿੰਦਰ ਨੂੰ ਇਕ ਕਾਗਜ਼ ਵੀ ਕੱਢ ਕੇ ਵਿਖਾਇਆ ਪਰ ਅਨਪੜ ਜਿੰਦਰ ਦੇ ਇਹ ਉਪਰੀ ਬੋਲੀ ਵਿਚ ਲਿਖਿਆ ਰੁੱਕਾ ਕਿਸ ਕੰਮ? ਉਹ ਤਾਂ ਮਸਾਂ, ੳ ਅ ਉਠਾਉਣ ਜੋਗੀ ਸੀ।

ਉਸ ਨੇ ਮੁੰਡੇ ਦੇ ਮੂੰਹ ਵੱਲ ਧਿਆਨ ਨਾਲ ਵੇਖਿਆ, ਜਿੰਦਰ ਨੂੰ ਡਰ ਨ ਲੱਗਾ। ਜਾਪਦਾ ਸੀ ਜਿਵੇਂ ਕੁਝ ਪੁੱਛ ਰਿਹਾ ਹੋਵੇ ਤੇ ਬੇਬਸ ਜਿਹਾ ਹੋਵੇ। ਉਸ ਨੂੰ ਮੁੰਡੇ ਨਾਲ ਹਮਦਰਦੀ ਹੋਈ, ਕਰੇ ਤਾਂ ਕੀ ਕਰੇ ਜੇ ਘਰੇ ਕੋਈ ਆਦਮੀ ਹੁੰਦਾ ਤਾਂ ਆਪੇ ਸੰਭਾਲ ਲੈਂਦਾ। "ਨਾ, ਕੀ ਪਤੈ ਇਹ ਗੌਰਮਿੰਟ ਦਾ ਈ ਬੰਦਾ ਹੋਵੇ ਕੋਈ, ਮੋੜ ਦਿੱਤਾ ਤਾਂ ਹੋਰ ਈ ਸਿਆਪਾ ਪੈ ਜੇ"। ਉਸ ਨੇ ਇਕ ਵਾਰ ਫੇਰ ਘੋਖਵੀਂ ਨਜ਼ਰ ਨਾਲ ਮੁੰਡੇ ਵੱਲ ਵੇਖਿਆ।

"ਸਾਰੇ ਇਕੋ ਜਿਹੇ ਤਾਂ ਨਹੀਂ ਹੁੰਦੇ, ਵੇਖੀ ਜਾਊ ਜਿਵੇਂ ਹੋਊ", ਜਿੰਦਰ ਨੇ ਦਰਵਾਜਾ ਖੋਲ ਕੇ ਮੁੰਡੇ ਨੂੰ ਮੰਜੇ 'ਤੇ ਬੈਠਣ ਲਈ ਇਸ਼ਾਰਾ ਕੀਤਾ। ਮੁੰਡਾ ਮੁਸਕਰਾ ਕੇ ਬੈਠ ਗਿਆ।

ਜਿੰਦਰ ਨੇ ਆਪਣੇ ਛੋਟੇ ਭਤੀਜੇ ਬਿੱਲੂ ਨੂੰ ਅੰਦਰ ਸੱਦਿਆ ਤੇ ਸਮਝਾ ਕੇ ਗੁਰਪਾਲ ਨੂੰ ਬੁਲਾਉਣ ਲਈ ਭੇਜ ਦਿੱਤਾ। ਗੁਰਪਾਲ ਐਮ. ਏ. ਵਿਚ ਪੜ੍ਹਦਾ ਸੀ ਅਤੇ ਜਿੰਦਰ ਕੇ ਘਰਾਂ ਵਿਚੋਂ ਈ ਲਗਦਾ ਸੀ। ਅਜਕਲ ਉਹ ਛੁੱਟੀਆਂ ਕੱਟਣ ਕਾਲਜ ਤੋਂ ਪਿੰਡ ਆਇਆ ਹੋਇਆ ਸੀ। ਗੁਰਪਾਲ ਪਿੰਡ ਆ ਕੇ ਆਪਣੀਆਂ ਗੱਲਾਂ ਬਾਤਾਂ ਦੇ ਦੌਰਾਨ ਅੰਗਰੇਜੀ ਦੇ ਦੋ ਚਾਰ ਸ਼ਬਦ ਬੋਲਦਾ ਜਰੂਰ ਸੀ ਜਿਸ ਨਾਲ ਉਸਦਾ ਚੰਗਾ ਰੋਅਬ ਬਣਿਆ ਹੋਇਆ ਸੀ।

ਬਾਹਰੋਂ ਆਇਆ ਮੁੰਡਾ ਘਰ ਨੂੰ ਘੋਖਵੀਂ ਨਜ਼ਰ ਨਾਲ ਵੇਖ ਰਿਹਾ ਸੀ। ਜਿੰਦਰ ਉਸਨੂੰ ਚੋਰ ਅੱਖ ਨਾਲ ਤਾੜਦੀ ਘਰ ਦੇ ਅੰਦਰ ਬਾਹਰ ਫਿਰਦੀ ਰਹੀ। ਮੁੰਡੇ ਨੇ ਇਕ ਦੋ ਵਾਰ ਜਿੰਦਰ ਵੱਲ ਮੁਸਕਰਾ ਕੇ ਤੱਕਿਆ। ਜਿੰਦਰ ਨੇ ਮੂੰਹ ਪਰੇ ਕਰ ਲਿਆ। ਉਸ ਨੂੰ ਮੁੰਡੇ ਦਾ ਮੁਸਕਰਾਉਣਾ ਓਪਰਾ ਓਪਰਾ ਲੱਗਾ ਪਰ ਮਾੜਾ ਨਾ ਲੱਗਾ। ਥੋੜੀ ਦੇਰ ਵਿਚ ਹੀ ਗੁਰਪਾਲ ਆ ਗਿਆ। ਉਹ ਘਬਰਾਇਆ ਹੋਇਆ ਸੀ। ਕਿਸੇ ਓਪਰੇ ਬੰਦੇ ਨਾਲ ਵਾਹ ਪੈਣਾ ਸੀ। ਦੇਸ ਤੇ ਸਮੇ ਹੀ ਅਜਿਹੇ ਆ ਗਏ ਗਏ ਸਨ ਕਿ ਹਰ ਓਪਰਾ ਬੰਦਾ ਖਤਰਨਾਕ ਦਿਸਣ ਲੱਗ ਪਿਆ ਸੀ। ਗੁਰਪਾਲ ਨੂੰ ਵੇਖ ਕੇ ਮੁੰਡਾ ਮੰਜੇ ਤੋਂ ਉਠ ਖੜੋਤਾ। ਦੋਵੇਂ ਇਖ ਦੂਜੇ ਵੱਲ ਉਤਸੁਕਤਾ ਨਾਲ ਤੱਕ ਰਹੇ ਸਨ।

ਮੁੰਡੇ ਨੇ ਮੁਸਕਰਾ ਕੇ "ਹਾਇ" ਕਿਹਾ। ਗੁਰਪਾਲ ਉਸੇ ਤਰ੍ਹਾਂ ਨਿਰਉੱਤਰ ਖੜਾ ਰਿਹਾ। ਪਰ ਮੁੰਡੇ ਦਾ ਦੋਸਤਾਨਾ ਰਵੱਈਆ ਵੇਖ ਕੇ ਉਸ ਦਾ ਡਰ ਲੱਥ ਗਿਆ।

ਮੁੰਡੇ ਨੇ ਪਹਿਲਾਂ ਵਾਂਗ ਹੀ ਫਰਨ ਫਰਨ ਕੁਝ ਬੋਲਿਆ। ਗੁਰਪਾਲ ਉਸ ਦਾ ਮੂੰਹ ਵੇਖਦਾ ਹੀ ਰਹਿ ਗਿਆ, ਕੁਝ ਪੱਲੇ ਨਾ ਪਿਆ। ਮੁੰਡੇ ਨੇ ਇਸ ਵਾਰ ਹੌਲੀ ਰਫਤਾਰ ਵਿਚ ਬੋਲ ਕੇ ਕੁਝ ਕਹਿਣ ਦੀ ਕੋਸ਼ਿਸ਼ ਕੀਤੀ। ਗੁਰਪਾਲ ਨੇ ਐਨਾ ਕੁ ਅੰਦਾਜਾ ਲਾ ਲਿਆ ਕਿ ਉਹ ਅੰਗਰੇਜੀ ਬੋਲਦਾ ਹੈ ਪਰ ਮੁੰਡਾ ਜਿਸ ਢੰਗ ਨਾਲ ਬੋਲਦਾ ਸੀ ਉਸਤੋਂ ਉਹ ਹੋਰ ਈ ਬੋਲੀ ਲਗਦੀ ਸੀ। ਗੁਰਪਾਲ ਨੇ ਕੈਨੇਡਾ ਦਾ ਨਾਮ ਤਾਂ ਸੁਣਿਆ ਈ ਹੋਇਆ ਸੀ ਪਰ ਮੁੰਡੇ ਦੇ ਮੂੰਹੋਂ ਕਾਹਲੀ ਕਾਹਲੀ ਨਿਕਲੇ "ਖੈਨੇਡਾ" ਦਾ ਉਸ ਨੂੰ ਕੁਝ ਪਤਾ ਨਾ ਲੱਗਾ। ਉਸ ਨੂੰ ਅੰਦਰੇ ਅੰਦਰ ਸ਼ਰਮ ਮਹਿਸੂਸ ਹੋਈ ਕਿ ਉਹ ਐਮ. ਏ. ਅੰਗਰੇਜੀ ਦਾ ਹੁਸ਼ਿਆਰ ਵਿਦਿਆਰਥੀ ਹੁੰਦਿਆਂ ਵੀ ਅੰਗਰੇਜੀ ਨਹੀਂ ਸੀ ਸਮਝ ਸਕਦਾ, ਮੁੰਡੇ ਨਾਲ ਅੰਗਰੇਜੀ ਬੋਲਣੀ ਤਾਂ ਇਕ ਪਾਸੇ ਰਹੀ। ਮੁੰਡੇ ਨੂੰ ਇਕ ਦਮ ਕੁਝ ਯਾਦ

ਆਇਆ ਤੇ ਉਹਨੇ ਕਾਹਲੀ ਨਾਲ ਪਹਿਲਾਂ ਵਾਲਾ ਕਾਗਜ਼ ਕੱਢ ਕੇ ਗੁਰਪਾਲ ਨੂੰ ਵਿਖਾਇਆ। ਗੁਰਪਾਲ ਨੇ ਰੁੱਕਾ ਪੜ੍ਹ ਕੇ ਸਿਰ ਹਿਲਾਂਦਿਆਂ ਕਿਹਾ

"ਹਾਂ ... ਯੈਸ ਦਿਸ ਇਜ਼ ਦੀ ਹਾਊਸ"

ਮੁੰਡੇ ਨੂੰ ਸੁਣ ਕੇ ਕੁਝ ਹੌਸਲਾ ਹੋਇਆ। ਉਸ ਨੂੰ ਇਸ ਘਰ ਤੱਕ ਬਾਹਰੋਂ ਸਕੂਲ ਦਾ ਇਕ ਮਾਸਟਰ ਛੱਡ ਗਿਆ ਸੀ ਜਿਸ ਨੂੰ ਉਸ ਨੇ ਪਿੰਡ ਵੜਨ ਲੱਗਿਆਂ ਇਹ ਰੁੱਕਾ ਦਿਖਾਇਆ ਸੀ। ਮੁੰਡੇ ਨੇ ਆਪਣੀ ਹਿੱਕ ਤੇ ਹੱਥ ਲਾ ਕੇ ਇਕ ਇਕ ਸ਼ਬਦ ਬੋਲਦਿਆਂ ਕਿਹਾ:

"ਆਈ... ਕਮ... ਫਰੋਮ ... ਖੈਨੇਡਾ"।

ਗੁਰਪਾਲ ਨੇ ਇਸ ਵਾਰ ਕੁਝ ਸਮਝ ਲਿਆ ਅਤੇ ਹਾਂ ਵਿਚ ਸਿਰ ਹਿਲਾਇਆ। ਫੇਰ ਮੁੰਡੇ ਦੇ ਚਿਹਰੇ ਵਲ ਉਤਸੁਕਤਾ ਨਾਲ ਵੇਖਿਆ। ਮੁੰਡੇ ਨੇ ਇਕ ਕਾਗਜ਼ ਕੱਢਿਆ ਤੇ ਜੇਬ ਨਾਲੋਂ ਪੈਨ ਲਾਹ ਕੇ ਅੰਗਰੇਜ਼ੀ ਦੇ ਕੈਪੀਟਲ ਅੱਖਰਾਂ ਵਿਚ ਆਪਣਾ ਨਾਮ ਤੇ ਹੋਰ ਕਈ ਕੁਝ ਲਿਖ ਕੇ ਗੁਰਪਾਲ ਨੂੰ ਫੜਾ ਦਿੱਤਾ। ਗੁਰਪਾਲ ਨੇ ਸਭ ਕੁਝ ਪੜ੍ਹ ਲਿਆ ਅਤੇ ਸੋਚਣ ਲੱਗ ਪਿਆ। ਉਸ ਨੇ ਮੁੰਡੇ ਵੱਲ ਦੋਬਾਰਾ ਗਹੁ ਨਾਲ ਵੇਖਿਆ ਤੇ ਫੇਰ ਕੋਲ ਖੜੀ ਜਿੰਦਰ ਵਲ। ਇਸ ਸਮੇਂ ਇਕ ਤਣਾਓ ਜਿਹੇ ਦੀ ਸਥਿਤੀ ਪੈਦਾ ਹੋ ਗਈ। ਜਿੰਦਰ ਗੁਰਪਾਲ ਵਲ ਬਹੁਤ ਉਤਸੁਕਤਾ ਨਾਲ ਵੇਖ ਰਹੀ ਸੀ। ਉਸ ਨੂੰ ਅਜੇ ਤੱਕ ਕਿਸੇ ਗੱਲ ਦੀ ਸਮਝ ਨਹੀਂ ਸੀ ਪਈ। ਅਚਾਨਕ ਗੁਰਪਾਲ ਬੋਲਿਆ:

"ਚਾਚੀ ਇਹ ਪਤੈ ਕੌਣ ਐ? ਤੇਰਾ ਛੋਟੂ, ਤਰਸੇਮ, ਕਨੇਡੇ ਤੋਂ ਆਇਐ ਤੈਨੂੰ ਮਿਲਣ"।

"ਹੈਂ? ... ਰਹਿਣ ਦੇ ਤੂੰ, ਐਵੇਂ ਈ ..." ਜਿੰਦਰ ਦੇ ਗਲ ਮੂੰਹ ਵਿਚ ਈ ਰਹਿ ਗਈ। ਉਸ ਨੇ ਮੁੰਡੇ ਦੇ ਚਿਹਰੇ ਤੇ ਨਿਗਾਹ ਗੱਡ ਲਈ। ਗੁਰਪਾਲ ਨੇ ਮੁੰਡੇ ਨੂੰ ਇਸ਼ਾਰਾ ਕਰ ਦਿਆਂ ਕਿਹਾ:

"ਸ਼ੀ ਇਜ਼ ਯੂਅਰ ਮਦਰ"।

ਜਿੰਦਰ ਨੂੰ ਯਕੀਨ ਨਹੀਂ ਸੀ ਆ ਰਿਹਾ। ਪੰਦਰਾਂ ਸਾਲ ਪਹਿਲਾਂ ਉਸ ਦੇ ਘਰ ਵਾਲਾ, ਸੁਖਮਿੰਦਰ , ਉਸ ਨੂੰ ਚੋਰ ਭੁਲਾਈ ਦੇ ਕੇ ਕੈਨੇਡਾ ਵਾਪਸ ਚਲਾ ਗਿਆ ਸੀ ਅਤੇ ਚੌ'ਹ ਸਾਲਾਂ ਦੇ ਛੋਟੂ ਨੂੰ ਵੀ ਨਾਲ ਈ ਲੈ ਗਿਆ ਸੀ। ਕੈਨੇਡਾ ਜਾ ਕੇ ਉਹ ਕਿਸੇ ਨਵੇਂ ਸ਼ਹਿਰ ਰਹਿਣ ਲੱਗ ਪਿਆ ਸੀ ਜਿਥੇ ਪੰਜਾਬੀ ਕੋਈ ਟਾਵਾਂ ਟੱਲਾ ਹੀ ਸੀ। ਉਸ ਦੀ ਨਾ ਹੀ ਕੋਈ ਚਿੱਠੀ ਆਈ ਤੇ ਨਾ ਹੀ ਕੋਈ ਹੋਰ ਉਘ ਸੁੱਘ ਨਿਕਲੀ ਸੀ। ਬਸ ਕਿਸੇ ਤੋਂ ਐਨਾ ਹੀ ਪਤਾ ਲੱਗਾ ਸੀ ਕਿ ਉਸਨੇ ਕਿਸੇ ਹੋਰ ਨਾਲ ਵਿਆਹ ਕਰਾ ਲਿਆ ਹੈ। ਜਿੰਦਰ ਨੇ ਰੋ ਧੋ ਕੇ ਮਨ ਨਾਲ ਸਮਝੌਤਾ ਕਰ ਲਿਆ ਸੀ ਅਤੇ ਸੌਹਰੇ ਘਰ ਹੀ ਦਿਨ ਕਟੀ ਕਰ ਰਹੀ ਸੀ । ਹੋਰ ਕਰ ਵੀ ਕੀ ਸਕਦੀ ਸੀ। ਇਥੇ ਰਹਿਣ ਨਾਲ ਘੱਟੋ ਘੱਟੋ ਲੋਕਾਂ ਨੂੰ ਇਹ ਤਾਂ ਕਹਿ ਸਕਦੀ ਸੀ ਕਿ ਉਸਦਾ ਘਰ ਵਾਲਾ ਕੈਨੇਡਾ ਗਿਆ ਹੋਇਆ ਹੈ। ਉਸ ਨੇ ਸਭ ਕੁਝ ਭੁਲਾ ਦੇਣ ਦੀ ਕੋਸ਼ਿਸ਼ ਕੀਤੀ, ਜੋ ਨਹੀਂ ਭੁੱਲਦਾ ਸੀ ਤਾਂ ਬਸ ਚਾਰ ਸਾਲ ਦਾ ਛੋਟੂ ਹੀ ਸੀ ਜੋ ਅਜੇ ਤੱਕ ਉਸ ਦੇ ਦਿਲ ਦਿਮਾਗ ਤੇ ਛਾਇਆ ਹੋਇਆ ਸੀ। ਛੋਟੂ ਉਸ ਤੋਂ ਵਿਛੜਿਆਂ ਹੀ ਇਸ ਤਰ੍ਹਾਂ ਸੀ ਕਿ ਉਹ ਬਸ ... ਉਡੀਕਦੀ ਹੀ ਰਹਿ ਗਈ ਸੀ ...।

ਹੁਣ ਛੋਟੂ ਉਸ ਦੇ ਸਾਹਮਣੇ ਖੜਾ ਸੀ, ਤੇ ਛੇ ਫੁੱਟ ਲੰਮਾ ਸੋਹਣਾ ਸੁਨੱਖਾ ਜੁਆਨ। ਜਿੰਦਰ ਨੂੰ ਅੰਦਰੇ ਅੰਦਰ ਹੌਲ ਪੈਣ ਲੱਗ ਪਏ, ਜੇ ਇਹ ਸਚਮੁਚ ਛੋਟੂ ਹੋਇਆ ਤਾਂ ...?

ਤਰਸੇਮ ਪਿਛਲੇ ਪੰਦਰਾਂ ਸਾਲਾਂ ਤੋਂ ਆਪਣੇ ਬਾਪ, ਸੁਖਮਿੰਦਰ ਸਿੱਧੂ, ਉਸਦੀ ਗੋਰੀ ਪਤਨੀ ਜਿਊਡੀ ਤੇ ਉਹਨਾਂ ਦੇ ਦੋ ਛੋਟੇ ਬੱਚਿਆਂ ਨਾਲ ਰਹਿ ਰਿਹਾ ਸੀ। ਤਰਸੇਮ ਦੀ ਆਪਣੇ ਬਾਪ ਨਾਲ ਘੱਟ ਵੱਧ ਹੀ ਬਣਦੀ ਸੀ, ਸ਼ਾਇਦ ਦੂਸਰੀ ਸ਼ਾਦੀ ਕਰਵੋਣ ਕਰਕੇ । ਸੁਖਮਿੰਦਰ ਨੇ ਤਰਸੇਮ ਨੂੰ ਉਸਦੀ ਮਾਂ ਬਾਰੇ ਕਦੇ ਕੁਝ ਨਹੀਂ ਸੀ ਦਸਿਆ ਅਤੇ ਨਾ ਹੀ ਕਦੇ ਦਸਣਾ ਚਾਹੁੰਦਾ ਸੀ। ਅਨਪੜ ਜਿੰਦਰ ਤੋਂ ਖਹਿੜਾ ਛੁਡੋਣ ਲਈ ਉਹ ਆਪਣੇ ਪਿਛੇ ਨੂੰ ਉਕਾ ਹੀ ਭੁਲਾ ਦੇਣਾ ਚਾਹੁੰਦਾ ਸੀ। ਜਿਊਡੀ ਦਾ ਸੁਭਾਅ ਚੰਗਾ ਸੀ। ਉਸੇ ਨੇ ਤਰਸੇਮ ਦਾ ਨਾਂ ਟੈਰੀ ਸਿੱਧੂ ਰੱਖ ਦਿੱਤਾ ਸੀ ਅਤੇ ਉਸਦੀਆਂ ਲੋੜਾਂ ਦਾ ਖਿਆਲ ਰੱਖਿਆ ਸੀ। ਪਰ ਇਸਦੇ ਬਾਵਜੂਦ ਤਰਸੇਮ ਗੁਆਚਿਆ ਅਤੇ ਘਰ ਵਿਚ ਓਪਰਿਆਂ ਵਾਂਗ ਰਹਿੰਦਾ ਸੀ। ਉਸ ਅੰਦਰ ਇਕ ਖਿਲਾਅ ਸੀ ਜੋ ਉਮਰ ਦੇ ਨਾਲ ਨਾਲ ਵੱਧਦਾ ਜਾਂਦਾ ਸੀ, ਜਿਸਨੂੰ ਉਹ ਕਿਸੇ ਨਾਲ ਸਾਂਝਾ ਨਹੀਂ ਸੀ ਕਰ ਸਕਦਾ, ਉਹਨਾਂ ਦੋਸਤ ਕੁੜੀਆਂ ਨਾਲ ਵੀ ਨਹੀਂ ਜਿਹਨਾਂ ਨਾਲ ਉਹ ਵੀਕ-ਐਂਡ ਤੇ ਬਾਹਰ ਘੁੰਮਣ ਫਿਰਨ ਜਾਂਦਾ ਸੀ। ਇਕ ਦਿਨ ਕਲਾਸ ਵਿਚ ਸੋਸ਼ਲ ਸਟੱਡੀਜ਼ ਦੇ ਟੀਚਰ ਨੇ ਇਸ ਗਲ ਤੇ ਜੋਰ ਦਿੱਤਾ ਕਿ ਜੋ ਇਨਸਾਨ ਆਪਣੇ ਪਿਛੋਕੜ ਬਾਰੇ ਨਹੀਂ ਜਾਣਦਾ, ਜਿਸਨੂੰ ਆਪਣੇ ਪਰਵਾਰ ਦੇ ਇਤਿਹਾਸ ਦਾ ਨਹੀਂ ਪਤਾ, ਉਹ ਹਮੇਸ਼ਾਂ ਅਧੂਰੀ ਜਿੰਦਗੀ ਜਿਊਂਦਾ ਹੈ। ਤਰਸੇਮ ਦੇ ਮਨ ਉਤੇ ਇਸ ਗਲ ਦਾ ਬਹੁਤ ਡੂੰਘਾ ਅਸਰ ਹੋਇਆ। ਇਤਿਹਾਸ ਤਾਂ ਇਕ ਪਾਸੇ, ਉਸ ਨੂੰ ਤਾਂ ਆਪਣੀ ਮਾਂ ਦਾ ਵੀ ਪਤਾ ਨਹੀਂ ਸੀ ਉਹ ਕੌਣ ਹੈ। ਉਹ ਇਸ ਅਹਿਸਾਸ ਨਾਲ ਝੰਜੋੜਿਆ ਗਿਆ। ਇਕ ਕਾਹਲ ਉਸਦੇ ਅੰਦਰ ਵੜ ਗਈ। ਉਸਦੇ ਅੰਦਰਲਾ ਖਿਲਾਅ ਹੋਰ ਵੀ ਪੱਸਰ ਗਿਆ।

ਤੇ ਹੁਣ ਉਸਦੇ ਸਾਹਮਣੇ ਖੜੀ ਔਰਤ ਉਸਦੀ ਮਾਂ ਸੀ। ਤਰਸੇਮ ਨੇ ਯਕੀਨ ਪੱਕਾ ਕਰਨ ਲਈ ਇਕ ਵਾਰ ਫੇਰ ਗੁਰਪਾਲ ਵਲ ਵੇਖਿਆ। ਗੁਰਪਾਲ ਨੇ ਸਪੱਸ਼ਟ ਕਰਨ ਲਈ ਸਿਰ ਹਿਲਾ ਕੇ ਕਿਹਾ:

"ਯੈਸ, ਸ਼ੀ ਇਜ਼ ਜੋਗਿੰਦਰ, ਯੂਅਰ ਮਦਰ"।

ਤਰਸੇਮ ਦੇ ਮੂੰਹ ਤੇ ਚੌੜੀ ਮੁਸਕਾਨ ਖਿਲਰ ਗਈ। ਉਸਦੇ ਅੰਦਰ ਅਚਾਨਕ ਬਚਪਨ ਜਾਗ ਉਠਿਆ। ਉਹ ਇਸੇ ਪਲ ਆਪਣੀ ਮਾਂ ਦਾ ਹੱਥ ਛੋਹਣਾ ਚਾਹੁੰਦਾ ਸੀ, ਤੇ ਦੱਸਣਾ ਚਾਹੁੰਦਾ ਸੀ ਕਿ ਕਿਵੇਂ ਉਹ ਪਿਛਲੇ ਸਾਲ ਤੋਂ ਮਾਂ ਦਾ ਪਤਾ ਲੱਭਦਾ ਰਿਹਾ ਸੀ, ਕਿਵੇਂ ਉਸਨੇ ਬਾਪ ਦੀ ਗੈਰਹਾਜਰੀ ਵਿਚ ਉਸਦੇ ਪੁਰਾਣੇ ਸੂਟਕੇਸ ਫੋਲੇ, ਉਸ ਦੇ ਪੰਜਾਬੀ ਦੋਸਤਾਂ ਤੋਂ ਪੁੱਛ ਦੱਸ ਕੀਤੀ ਅਤੇ ਕਿਵੇਂ ਉਸਨੇ ਹਵਾਈ ਜਹਾਜ਼ ਦਾ ਕਿਰਾਇਆ ਬਨਾਉਣ ਲਈ ਉਸਨੇ ਥਾਂ ਥਾਂ ਕੰਮ ਕੀਤਾ।

ਪਰ ਜਿੰਦਰ ਹੁਣ ਅੱਖਾਂ ਧਰਤੀ ਤੇ ਗੱਡੀ ਅਹਿਲ ਖੜੀ ਸੀ। ਉਸ ਨੂੰ ਪੰਦਰਾਂ ਸਾਲਾਂ ਪਿਛੋਂ ਤਰਸੇਮ ਦੀ ਪਛਾਣ ਆ ਗਈ ਸੀ ਪਰ ਸਾਹਮਣੇ ਖੜੇ ਐਡੇ ਜੁਆਨ ਮੁੰਡੇ ਨੂੰ ਕਿਵੇਂ ਗਲ ਨਾਲ ਲਾ ਲਵੇ... ਉਸਦਾ ਹੌਸਲਾ ਨਹੀਂ ਸੀ ਪੈਂਦਾ। "ਮੁੰਡੇ ਨੂੰ ਕੀ ਪਛਾਣ ਐ ਮੈਂ ਸਚਮੁਚ ਉਸਦੀ ਮਾਂ ਹਾਂ .?"

ਉਸਨੂੰ ਗੁਰਪਾਲ ਦੀ ਮੁੰਡੇ ਨਾਲ ਅੰਗਰੇਜੀ ਵਿਚ ਕੀਤੀ ਗਲਬਾਤ ਦੀ ਕੀ ਸਮਝ ਸੀ। ਉਸਨੇ ਫੇਰ ਮੁੰਡੇ ਵਲ ਵੇਖਿਆ ਅਤੇ ਅੱਖਾਂ ਨੀਵੀਆਂ ਕਰ ਲਈਆਂ, ਸਾਹਮਣੇ ਖੜ੍ਹਾ ਮੁੰਡਾ ਉਸਦਾ ਤਰਸੇਮ ਹੀ ਸੀ।

ਤਰਸੇਮ ਨੇ ਅੱਗੇ ਹੋ ਕੇ ਜਿੰਦਰ ਦੇ ਮੋਢੇ ਤੇ ਹੱਥ ਰੱਖ ਕੇ ਕਿਹਾ, "ਮਾਂਮ"?

ਹੱਥ ਲਗਣ ਨਾਲ ਜਿੰਦਰ ਨੂੰ ਇਕਦਮ ਝੁਣਝੁਣੀ ਹੋਈ। ਮਾਂਮ ਦੀ ਥਾਂ ਉਸਦੇ ਕੰਨਾਂ ਨੇ ਮਾਂ ਹੀ ਸੁਣਿਆ। ਉਸ ਨੂੰ ਪਤਾ ਵੀ ਨਾ ਲੱਗਾ ਕਦੋਂ ਉਸ ਨੇ ਤਰਸੇਮ ਨੂੰ ਆਪਣੇ ਨਾਲ ਘੁੱਟ ਲਿਆ। ਦੋਹਾਂ ਦੀਆਂ ਅੱਖਾਂ ਵਿਚੋਂ ਪਰਨਾਲੇ ਵਹਿ ਤੁਰੇ। ਗੁਰਪਾਲ ਕੋਲ ਖੜਾ ਇਹ ਫਿਲਮਾਂ ਵਰਗਾ ਦ੍ਰਿਸ਼ ਵੇਖਦਾ ਰਿਹਾ। ਕੁਝ ਚਿਰ ਪਿਛੋਂ ਉਸਨੇ ਦੋਹਾਂ ਨੂੰ ਅੱਡ ਕੀਤਾ। ਤਰਸੇਮ ਨੇ ਗੁਰਪਾਲ ਦਾ ਹੱਥ ਫੜ ਕੇ ਕਿਹਾ:

"ਥੈਂਕ ਯੂ ਵੈਰੀ ਮੱਚ। ਆਈ ਐਮ ਸੋ ਗਰੇਟਫੁਲ"।

ਗੁਰਪਾਲ ਨੇ ਪੁਛਿਆ, "ਦਸੋ ਹੋਰ ਕੀ ਸਹਾਇਤਾ ਕਰ ਸਕਦਾ ਹਾਂ"?

ਤਰਸੇਮ ਨੇ ਬੇਬਸੀ ਜਿਹੀ ਨਾਲ ਗੁਰਪਾਲ ਵਲ ਵੇਖਿਆ ਅਤੇ ਉਸਦਾ ਹੱਥ ਘੁਟਦਾ ਬੋਲਿਆ:

"ਟੀਚ ਮੀ ਪੰਜਾਬੀ"।

(ਬਲਵੀਰ ਸਿੰਘ ਖਹਿਰਾ ਦੇ ਨਾਂ)

— — — — —

**ਕਿਰਪਾ ਕਰਕੇ ਮੈਨੂੰ ਹੇਠ ਲਿਖੇ ਪਤੇ 'ਤੇ 'ਵਤਨ' ਭੇਜਣਾ ਸ਼ੁਰੂ ਕਰ ਦੇਵੋ।**

ਨਾਂ ................................

ਪਤਾ...........................

..............................

..............................

**ਮੈਂ ਚੰਦੇ ਵਜੋਂ ਇਕ ਸਾਲ ☐ (ਚੰਦਾ 12 ਡਾਲਰ) ਦੋ ਸਾਲ ☐ (ਚੰਦਾ 22 ਡਾਲਰ) ਤਿੰਨ ਸਾਲ ☐ (ਚੰਦਾ 33 ਡਾਲਰ) ਦੀ ਚੈਕ ਭੇਜ ਰਿਹਾ/ਰਹੀ ਹਾਂ। ਧੰਨਵਾਦ**




KULDIP RANGI
RES: 278-8320

BYING OR SELLING
RESIDENTIAL, COMMERCIAL, FARMS OR LOTS
CONTACT
RANGI BROTHERS
327-1111
NORTHRIDGE REALTY LTD.
6417 FRASER ST.,
VANCOUVER V5W 3A6



DARSHAN RANGI
RES:270-7100

# ਇਤਿਹਾਸਕ ਵਿਕਾਸ

## ਬਲਦੇਵ ਦੂਹੜੇ

ਹੇਗਲ ਅਨੁਸਾਰ ਇਤਿਹਾਸਕ ਵਿਕਾਸ ਦਾ ਸੋਮਾ ਰੂਹ ਦਾ ਸ੍ਵੈ-ਵਿਕਾਸ ਹੈ, ਮਾਰਕਸ ਅਨੁਸਾਰ ਮਾਦਕ ਤਾਕਤਾਂ (ਉਤਪਾਦਕ ਤਾਕਤਾਂ) ਦਾ ਵਿਕਾਸ ਇਸ ਦਾ ਸੋਮਾ ਹੈ। ਫਾਇਰਬੈਕ ਅਤੇ ਕਈ ਹੋਰ ਮਾਨਵਵਾਦੀਆਂ ਅਨੁਸਾਰ ਇਹ ਇਨਸਾਨ ਦੀ ਜ਼ਰੂਰੀ ਫਿਤਰਤ ਦਾ ਕਾਰਨਾਮਾ ਹੈ।

ਮੇਰਾ ਖਿਆਲ ਹੈ ਕਿ ਇਤਿਹਾਸਕ ਵਿਕਾਸ ਦਾ ਅਸਲ ਸੋਮਾ ਨਾ ਫੈਕਟਰੀ ਹੈ ਨਾ ਰੂਹ ਅਤੇ ਨਾ ਕੋਈ ਰਹੱਸਮਈ ਫਿਤਰਤ। ਇਸ ਦਾ ਹੁਣ ਤੱਕ ਕਾਰਨਾਤਮਕ ਸੋਮਾ ਹੈ ਅਬਾਦੀ ਦਾ ਵੱਧਣਾ। ਅਬਾਦੀ ਦਾ ਵਾਧਾ ਇਕ ਨਿਰੰਤਰ ਅਤੇ ਤਾਕਤਵਰ ਪ੍ਰਕ੍ਰਿਆ ਹੈ।

ਡਾਰਵਨ ਦਾ ਕਥਨ ਹੈ ਕਿ ਹਰ ਜੀਵਤ ਹਸਤੀ (ਜਾਨਵਰ ਪੌਦੇ ਅਦਿ) ਕੁਦਰਤੀ ਤੌਰ ਤੇ ਇੰਨੀ ਤੇਜੀ ਨਾਲ ਵਧਦੇ ਹਨ ਕਿ ਸਿਰਫ ਇਕ ਜੋੜੇ ਦੀ ਪੀੜ੍ਹੀ ਦਰ ਪੀੜ੍ਹੀ ਉਲਾਦ ਨਾਲ ਸਾਰੀ ਧਰਤੀ ਭਰ ਸਕਦੀ ਹੈ ਜੇ ਇਹ ਨੂੰ ਤਬਾਹ ਨਾ ਕੀਤਾ ਜਾਵੇ।1 ਜਾਨਵਰਾਂ ਦੀ ਦੁਨੀਆਂ 'ਚ ਇਸ ਵਧਦੀ ਅਬਾਦੀ ਜੀਵਨ-ਜਦੋਜਹਿਦ ਨੂੰ ਜਨਮ ਦਿੰਦੀ ਹੈ ਅਤੇ ਇਕ ਗੁੰਝਲਦਾਰ ਪ੍ਰਕ੍ਰਿਆ ਰਾਹੀਂ ਜੀਵਨ ਹਸਤੀਆਂ ਦਾ ਵਿਕਾਸ ਹੁੰਦਾ ਹੈ।

ਮਨੁੱਖੀ ਸਮਾਜ ਵਿੱਚ ਇਸ ਤਾਕਤਵਾਰ ਪ੍ਰਕ੍ਰਿਆ ਦੇ ਸਿੱਟੇ ਵਜੋਂ ਹਰ ਕਾਲੋਨੀ, ਹਰ ਸਭਿਅਤਾ, ਹਰ ਅਰਥਚਾਰਾ ਲਗਾਤਾਰ ਤਬਦੀਲੀ ਦਾ ਸਾਹਮਣਾ ਕਰਦਾ ਹੈ। ਅਜ ਦੀ ਬਹੁਤਾਤ ਕਲ ਦੀ ਕਮੀ ਬਣ ਜਾਂਦੀ ਹੈ। ਅਜ ਦੇ ਘਣੇ ਜੰਗਲ ਕਲ ਮਨੁੱਖ ਦੇ ਵਧਦੇ ਪੈਰਾਂ ਹੇਠ ਲਿਤਾੜੇ ਜਾਂਦੇ ਹਨ। ਅਤੇ ਅੱਜ ਦੇ ਖੁੱਲ੍ਹੇ ਖੇਤ ਕੱਲ੍ਹ ਦੀਆਂ ਕਾਲੀਆਂ ਸੜਕਾਂ ਅਤੇ ਗਹਿਮਾ ਗਹਿਮ ਬਸਤੀਆਂ ਹੇਠ ਦੱਬੇ ਜਾਂਦੇ ਹਨ।

ਇਸ ਅਰੁਕ ਵਾਧੇ ਨਾਲ ਲੋੜੀਂਦੀਆਂ ਚੀਜ਼ਾਂ ਦੀ ਮੰਗ ਲਗਾਤਾਰ ਵੱਧਦੀ ਹੈ। ਇਹ ਵੱਧਦੀ ਮੰਗ ਵਕਤ ਦੇ ਵਹਾ ਨਾਲ ਪਰਲਭਤ ਵਸੀਲਿਆਂ ਦੀਆਂ ਹੱਦਾਂ ਟੱਪ ਜਾਂਦੀ ਹੈ। ਇਸ ਨਾਲ ਕਮੀ ਦਾ ਦੌਰ ਇਨਸਾਨ ਦਾ ਕਦੇ ਪਿੱਛਾ ਨਹੀਂ ਛੱਡਦਾ। ਕਮੀ ਦੇ ਨਾਂਹਵਾਚਨ ਦਾ ਨਾਂਹਵਾਚਨ (negation of negation) ਕਰਨ ਲਈ ਇਨਸਾਨ ਲਗਾਤਾਰ ਨਵੇਂ ਥਾਂ, ਨਵੇਂ ਵਸੀਲੇ ਅਤੇ ਉਤਪਾਦਨ ਦੇ ਨਵੇਂ ਤਰੀਕੇ ਲੱਭਦਾ ਰਿਹਾ ਹੈ।

ਇਨਸਾਨੀ ਸਮਾਜ ਹਰ ਪੜਾਅ ਤੇ ਜਾਂ ਹਰ ਯੁਗ ਵਿੱਚ ਅਬਾਦੀ, ਕਮੀ ਅਤੇ ਉਤਪਾਦਨ ਦੀਆਂ ਵੱਖ ਵੱਖ ਰੂਪਬੰਦੀਆਂ ਦਾ ਇਕ ਸਿਲਸਿਲਾ ਰਿਹਾ ਹੈ। ਇਕ ਪਾਸੇ ਤਾਂ ਇਨਸਾਨੀ ਇਤਿਹਾਸ ਕਮੀ ਦੇ ਮਾਰੂ ਅਸਰਾਂ ਨਾਲ ਭਰਿਆ ਪਿਆ ਹੈ, ਦੂਜੇ ਪਾਸੇ ਇਸ ਦੇ ਪ੍ਰਤੀਕਰਮ, ਸ੍ਰਿਜਾਣਤਮਕ ਵਿਕਾਸ ਨਾਲ। ਵਿਸ਼ਲੇਸ਼ਣ ਦੇ ਇਸ ਅਧਾਰ ਰਾਹੀਂ ਸਾਨੂੰ ਹਰ ਮਨੁੱਖ ਵਰਤਾਰੇ ਜਾਂ ਸਿਲਸਿਲੇ ਦੀ ਸਿਧਾਂਤਕ ਵਿਆਖਿਆ ਮਿਲ ਜਾਂਦੀ ਹੈ। ਸਾਦੇ ਸ਼ਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਨਸਾਨ ਕੋਲ ਦੋ ਬਦਲ ਰਹੇ ਹਨ ਸਮੂਹਕ ਤਰੱਕੀ ਜਾਂ ਸਮੂਹਕ ਮੌਤ।

ਮਨੁੱਖ ਅਤੇ ਬਾਕੀ ਜਾਨਵਰਾਂ ਦਾ ਇਤਿਹਾਸ ਇਸ ਗਲੋਂ ਸਾਂਝਾ ਹੈ ਕਿ ਇਹ ਅਬਾਦੀ ਦੇ ਵਧਣ ਨਾਲ ਪੈਦਾ ਹੋਈ ਕਮੀ ਕਾਰਨ ਇਕ ਨਿਰੰਤਰ ਜੀਵਨ-ਜਦੋਜਹਿਦ (struggle for existence or survival) ਵਿੱਚ ਜੁੱਟੇ ਪਏ ਹਨ। ਮਨੁੱਖ ਦਾ ਜਾਨਵਰਾਂ ਨਾਲੋਂ ਇਤਿਹਾਸਕ ਫਰਕ ਇਹ ਹੈ ਕਿ ਮਨੁੱਖ ਉਤਪਾਦਨ ਰਾਹੀਂ ਇਸ ਕਮੀ ਦਾ ਵਿਰੋਧ ਕਰਦਾ ਹੈ। ਜਾਨਵਰ ਆਪ ਬਦਲਦੇ ਹਨ। ਮਨੁੱਖ ਆਪ ਵੀ ਭਾਵੇਂ ਕੁਝ ਹੱਦ ਤੱਕ ਬਦਲਦਾ ਹੈ ਪਰ ਇਹ ਹਾਲਾਤ ਨੂੰ ਤਬਦੀਲ ਕਰਕੇ ਕੁਦਰਤ ਵਿੱਚ ਇਕ ਨਵੀਂ ਤਰਤੀਬ ਪੈਦਾ ਕਰਦਾ ਹੈ। ਇਨਸਾਨੀ ਦੁਨੀਆਂ ਇਨਸਾਨ ਦੀ ਸ੍ਰਿਜਣਾਤਮਕਤਾ ਦਾ ਸ਼ਾਨਦਾਰ ਸਬੂਤ ਹੈ। ਪਰ ਇਸ ਸ੍ਰਿਜਣਾਤਮਕਤਾ ਨੂੰ ਇਨਸਾਨੀ ਦੁਨੀਆਂ ਦਾ raison -de- existence - ਹੋਂਦ ਦਾ ਕਾਰਨ- ਸਮਝਣਾ ਗਲਤ ਹੈ। ਸ੍ਰਿਜਣਾਤਮਕਤਾ ਇਕ ਪ੍ਰਤੀਕਰਮ ਹੈ ਉਸ ਹਾਲਾਤ ਦੇ ਖਿਲਾਫ ਜੋ ਮੌਤ ਬਣ ਕੇ ਇਨਸਾਨੀ ਦੁਨੀਆਂ 'ਚ ਹਰ ਵੇਲੇ ਮੰਡਲਾਉਂਦਾ ਰਹਿੰਦਾ ਹੈ। ਸ੍ਰਿਜਣਾਤਮਕਤਾ ਸ਼ਕਤੀ ਇਸ ਜਦੋਜਹਿਦ 'ਚੋਂ ਉਪਜੀ ਅਤੇ ਵਿਕਸਤ ਹੋਈ ਹੈ। ਸ੍ਰਿਜਣਾ ਨਾਲ ਇਨਸਾਨ ਕਮੀ ਨੂੰ ਬਹੁਤਾਤ ਵਿੱਚ ਬਦਲਦਾ ਹੈ ਅਤੇ ਕੁਦਰਤ ਅਬਾਦੀ ਦੇ ਵਧਾ ਨਾਲ ਇਸ ਬਹੁਤਾਤ ਨੂੰ ਫਿਰ ਕਮੀ ਵਿੱਚ ਬਦਲ ਦਿੰਦੀ ਹੈ।

ਇਸ ਸ੍ਵੈ-ਚਾਲਕ ਦਵੰਦਾਤਮਕ ਵਿਕਾਸ ਵਿੱਚ ਫਸਿਆ ਇਨਸਾਨ ਹੇਠ ਲਿਖੀਆਂ ਪ੍ਰਕ੍ਰਿਆਵਾਂ 'ਚੋਂ ਲੰਘਦਾ ਹੈ।

੧. ਭੱਜਣਾ ਜਾਂ ਹਿਜਰਤ।

੨. ਉਤਪਾਦਕਤਾ ਦਾ ਵਿਕਾਸ।

੩. ਸਮਾਜਕ ਜਦੋਜਹਿਦਾਂ, ਜੰਗਾਂ ਅਤੇ ਪ੍ਰਸਪਰ ਮੁਕਾਬਲਾ।

੪. ਇਨਸਾਨ ਦਾ ਸ੍ਵੈ-ਵਿਕਾਸ।

੧. ਤੱਜਣਾ ਜਾਂ ਹਿਜਰਤ (migration) :- ਬਾਕੀ ਜਾਨਵਰਾਂ ਵਾਂਗ ਇਨਸਾਨ ਵੀ ਆਪਣੇ ਹਲਾਤ ਤੋਂ ਭਜਦਾ ਰਿਹਾ ਹੈ। ਜਦੋਂ ਵੀ ਇਕ ਵਾਤਾਵਰਨ ਜਾਂ ਭੂਗੋਲਿਕ ਹਾਲਾਤ ਵਿੱਚ ਕਮੀ ਦੇ ਮਾਰੂ ਅਸਰ ਭਾਰੂ ਹੋ ਜਾਂਦੇ ਹਨ ਤਾਂ ਇਨਸਾਨ ਭੱਜ ਕੇ ਕਿਸੇ ਹੋਰ ਥਾਂ ਜਾਣ ਦੀ ਕੋਸ਼ਿਸ਼ ਕਰਦਾ ਹੈ। ਉਤਪਾਦਨ ਦੇ ਵਸੀਲਿਆਂ ਅਤੇ ਤਰੀਕਿਆਂ ਉਤੇ ਨਿਰਭਰ ਹੈ ਕਿੰਨੀ ਅਬਾਦੀ ਕਿਸੇ ਹਾਲਾਤ ਵਿੱਚ ਸੌਖ ਨਾਲ ਰਹਿ ਸਕਦੀ ਹੈ। ਜਦੋਂ ਅਬਾਦੀ ਦੀ ਇਹ ਹੱਦ ਟੱਪ ਜਾਂਦੀ ਹੈ ਤਾਂ ਹਿਜਰਤ ਜ਼ਰੂਰੀ ਹੋ ਜਾਂਦੀ ਹੈ। ਪੂਰਵ-ਇਤਿਹਾਸਕ ਹਿਜਰਤ ਨਾਲ ਇਨਸਾਨ ਸਾਰੀ ਦੁਨੀਆਂ ਵਿੱਚ ਫੈਲ ਗਿਆ ਸੀ। ਇਸ ਦੇ ਸਿੱਟੇ ਵਜੋਂ ਇਨਸਾਨੀ ਕਲੋਨੀਆਂ ਕਈ ਵੱਖ ਵੱਖ ਸਥਿਆਤਾਵਾਂ ਵਿੱਚ ਵਿਕਸਤ ਹੋਈਆਂ।

ਵੱਖ ਵੱਖ ਇਲਾਕਿਆਂ 'ਚ ਰਹਿਣ ਕਾਰਨ ਵੱਖ ਵੱਖ ਰੰਗ ਅਤੇ ਸ਼ਕਲਾਂ ਹੋਂਦ ਵਿੱਚ ਆਈਆਂ।

ਅਜ ਵੀ ਹਿਜਰਤ ਇਕ ਮਹੱਤਵਪੂਰਨ ਵਰਤਾਰਾ ਹੈ। ਕਾਮਾਗਾਟਾ ਮਾਰੂ, ਵੀਅਤਨਾਮੀ ਬੋਟ-ਪੀਉਪਲ, ਸੁਡਾਨ ਦੇ ਬੱਚਿਆਂ ਦੇ ਕਾਫਲੇ, ਬਰਲਨ ਕੰਧ ਟੱਪਣ ਵਾਲੇ ਸਭ ਇਸੇ ਵਰਤਾਰੇ ਦੇ ਵੱਖ ਵੱਖ ਰੂਪ ਹਨ। ਕਾਨੂੰਨੀ ਪਰਵਾਸੀਆਂ ਤੋਂ ਬਿਨ੍ਹਾਂ ਲੱਖਾਂ ਲੋਕ ਅਜ ਰੀਫਿਊਜੀ ਬਣ ਕੇ ਦੁਨੀਆਂ ਵਿੱਚ ਘੁੰਮ ਰਹੇ ਹਨ। [2]

ਪੁਰਾਣੀ ਕਹਾਵਤ ਵਿੱਚ ਬਹੁਤ ਸੱਚ ਸੀ ਕਿ ਇਨਸਾਨ ਉਥੇ ਜਾਂਦਾ ਹੈ ਜਿਥੇ 'ਦਾਣਾ ਪਾਣੀ' ਲੈ ਜਾਵੇ।

੨. ਉਤਪਾਦਕਾ ਦਾ ਵਿਕਾਸ

ਉਤਪਾਦਨ ਦਾ ਸ਼ੁਰੂ ਇਨਸਾਨ ਦੇ ਇਤਿਹਾਸ ਵਿੱਚ ਇਕ ਮਹਾਂ-ਯੁੱਗ ਦਾ ਸ਼ੁਰੂ ਸੀ। ਇਹ ਮੌਕਾ ਸੀ ਜਦੋਂ ਇਨਸਾਨ ਨੇ ਆਪਣੇ ਜੰਗਲੀ ਸਮਕਾਲੀਆਂ ਨੂੰ ਅਲਵਿਦਾ ਕਹੀ ਅਤੇ ਆਪਣੀ ਵੱਖਰੀ ਦੁਨੀਆਂ ਸਿਰਜਣ ਵਲ ਤੁਰ ਪਿਆ। ਅੱਗ, ਇੱਟਾਂ, ਹੱਲ, ਪੰਜਾਲੀ, ਪਹੀਆਂ ਆਦਿ ਕਾਢਾਂ ਦੇ ਆਧਾਰ ਤੇ ਇਕ ਤਾਕਤਵਰ ਦੁਨੀਆਂ ਹੋਂਦ 'ਚ ਆਈ।

ਇਨਸਾਨ ਦੇ ਇਤਿਹਾਸ ਨੂੰ ਉਤਪਾਦਕਤਾ ਦੇ ਆਧਾਰ ਤੇ ਤਿੰਨ ਯੁੱਗਾਂ 'ਚ ਵੰਡਿਆ ਜਾ ਸਕਦਾ ਹੈ।

ਇਕ: ਮਾਨਵ-ਸ਼ਕਤੀ ਦਾ ਯੁੱਗ
ਦੋ : ਪਸ਼ੂ ਸ਼ਕਤੀ ਦਾ ਯੁੱਗ
ਤਿੰਨ: ਊਰਜਾ ਦਾ ਯੁੱਗ

ਇਕ: ਮਾਨਵ-ਸ਼ਕਤੀ ਦਾ ਯੁੱਗ ਉਹ ਸੀ ਜਦੋਂ ਇਨਸਾਨ ਦੀ ਜਿਸਮਾਨੀ ਸ਼ਕਤੀ ਨਾਲ ਉਤਪਾਦਨ ਚਲਦਾ ਸੀ। ਇਸ ਯੁੱਗ ਵਿੱਚ ਅਬਾਦੀ ਅਤੇ ਉਤਪਾਦਨ ਦੇ ਪ੍ਰਸਪਰ ਵਿਕਾਸ ਵਿੱਚ ਸੰਦਾਂ ਦੀ ਤਕਨੀਕ ਦੇ ਕਈ ਇਨਕਲਾਬ ਆਏ। ਇਹਨਾਂ ਵਿੱਚ [3] ਪੇਲੀਓਲਿਥਕ ਯੁੱਗ ਦਸ ਲੱਖ ਸਾਲ ਪਹਿਲਾਂ ਸ਼ੁਰੂ ਹੋਇਆ। ਇਸ ਦੇ ਸ਼ੁਰੂ ਵਿੱਚ ਪੱਥਰ ਦੇ ਸਧਾਰਨ ਸੰਦ ਅਤੇ ਹਥ-ਕੁਹਾੜਾ ਆਦਿ ਨਾਲ ਕੰਮ ਕੀਤਾ ਜਾਂਦਾ ਸੀ। ਫਿਰ ਮੈਸੋਲਿਥਿਕ ਅਤੇ ਨੀਓਲਿਥਿਕ ਯੁੱਗਾਂ 'ਚੋਂ ਲੰਘਦਾ ਇਨਸਾਨ ਗੁਲਾਮੀ ਦੇ ਯੁੱਗ 'ਚ ਪਹੁੰਚਦਾ ਹੈ ਜਿਥੇ ਇਨਸਾਨ ਇਨਸਾਨ ਨੂੰ ਪਸ਼ੂ ਵਾਂਗ ਵਰਤਦਾ ਸੀ। ਇਹੋ ਜਹੀ ਗੁਲਾਮੀ ਦੀ ਮਿਸਾਲ ਡਾਰਵਨ ਦੇ ਕਹਿਣ ਅਨੁਸਾਰ ਖਾਸ ਕਿਸਮ ਦੇ ਕੀੜਿਆਂ (ਇਨਸੈਕਟਸ) ਵਿੱਚ ਵੀ ਮਿਲਦੀ ਹੈ। [4]

ਉਤਪਾਦਨ ਦੇ ਵਿਕਾਸ ਵਿੱਚ ਦੂਜਾ ਯੁੱਗ (ਦੋ) ਪਸ਼ੂ ਸ਼ਕਤੀ ਦਾ ਯੁੱਗ ਸੀ। ਇਸ ਵਿੱਚ ਪਸ਼ੂਆਂ ਨੂੰ ਦੁੱਧ ਜਾਂ ਮਾਸ ਲਈ ਵਰਤਣ ਦੀ ਥਾਂ ਸੰਦਾਂ ਨੂੰ ਚਲਾਉਣ ਲਈ ਵਰਤਿਆ ਜਾਣ ਲੱਗਾ। ਸ਼ਾਇਦ ਸਭ ਤੋਂ ਪਹਿਲਾਂ ਆਵਾਜਾਈ ਜਾਂ ਭਾਰ ਢੋਣ ਲਈ ਪਸ਼ੂਆਂ ਦੀ ਵਰਤੋਂ ਸ਼ੁਰੂ ਹੋਈ ਹੋਵੇ। ਪਰ ਬਾਅਦ ਵਿੱਚ ਇਸ ਯੁੱਗ ਦੇ ਸੰਦ ਮਸ਼ੀਨਾਂ ਵਿੱਚ ਬਦਲਣ ਲੱਗੇ। ਹੱਲ, ਗੱਡਾ ਖੂਹ, ਹੱਥ-ਖਰਾਦ ਆਦਿ ਮਸ਼ੀਨਾਂ ਪਸ਼ੂ ਅਤੇ ਮਾਨਵ ਸ਼ਕਤੀ ਦੇ ਸੁਮੇਲ ਨਾਲ ਚਲਦੀਆਂ ਸਨ। ਸਨਅਤ ਦਾ ਵਿਕਾਸ ਪਸ਼ੂ-ਸ਼ਕਤੀ ਦੇ ਯੁੱਗ ਵਿੱਚ ਸ਼ੁਰੂ ਹੋ ਚੁੱਕਾ ਸੀ। ਇਸ ਯੁੱਗ ਦੀ ਆਖਰੀ ਸਟੇਜ ਜਗੀਰਦਾਰੀ ਨਿਜ਼ਾਮ ਸੀ।

ਤਿੰਨ - ਊਰਜਾ ਦਾ ਯੁੱਗ :- ਸਟੀਮ ਇੰਜਣ ਦੀ ਕਾਢ ਨਾਲ ਸ਼ੁਰੂ ਹੁੰਦਾ ਹੈ। ਇਹ ਇਕ ਸਨਅਤੀ ਧਮਾਕਾ ਸੀ ਜਿਸਦਾ ਵਿਕਾਸਵਾਦੀ ਅਸਰ ਅਜੇ ਆਪਣੀ ਸਿਖਰ ਤੇ ਨਹੀਂ ਪਹੁੰਚਾ। ਉਂਜ ਊਰਜਾ ਦੀ ਸੀਮਤ ਵਰਤੋਂ ਮੱਧ-ਯੁੱਗੀ ਪੌਣ-ਚੱਕੀਆਂ ਅਤੇ ਜਲ-ਘਰਾਟਾਂ ਵਿੱਚ ਸ਼ੁਰੂ ਹੋ ਗਈ ਸੀ। ਪਰ ਜੋ ਇਨਕਲਾਬ ਅੰਦਰੂਨੀ ਅਤੇ ਬਾਹਰੀ ਜਲਣ ਵਾਲੇ ਇੰਜਣਾਂ ਨਾਲ ਆਇਆ ਹੈ ਉਹ ਅਜੇ ਪੂਰੇ ਜੋਰ ਨਾਲ ਵੱਧ ਰਿਹਾ ਹੈ। ਇਹ ਕਹਿਣ ਦੀ ਲੋੜ ਨਹੀਂ ਹੈ ਕਿ ਇਸ ਉਤਪਾਦਨ ਦੇ ਇਨਕਲਾਬ ਦਾ ਜਗੀਰੂ ਸਮਾਜ ਅਤੇ ਇਸਦੇ ਰਿਸ਼ਤਿਆਂ ਤੇ ਕੀ ਅਸਰ ਹੋਇਆ। ਇਸਦਾ ਬੜਾ ਜਬਰਦਸਤ ਵਿਸ਼ਲੇਸ਼ਣ ਮਾਰਕਸਵਾਦ ਵਿੱਚ ਮਿਲਦਾ ਹੈ। ਪਰ ਇਹ ਗੱਲ ਜਾਨਣੀ ਜਰੂਰੀ ਹੈ ਕਿ ਇਨਕਲਾਬ ਵਧ ਰਹੇ ਸਨਅਤੀ ਮਾਤਰਕ ਵਿਕਾਸ ਦਾ ਸਿੱਟਾ ਸੀ। ਅਤੇ ਮਾਤਰਕ ਵਿਕਾਸ ਵਧਦੀ ਅਬਾਦੀ ਦਾ। ਇੰਜ ਇਸਦਾ ਵਾਪਰਨਾ ਅਟੱਲ ਹੋ ਚੁੱਕਾ ਸੀ।

ਅਬਾਦੀ ਅਤੇ ਉਤਪਾਦਨ ਦੇ ਇਸ ਵਿਕਾਸ ਦਾ ਨਤੀਜਾ ਇਹ ਹੋਇਆ ਕਿ ਇਨਸਾਨ ਸੌਖਾ ਹੋਣ [5] ਦੀ ਥਾਂ ਉਸੇ ਜੀਵਨ-ਜਦੋ-ਜਹਿਦ ਵਿੱਚ ਹੋਰ ਤੀਬਰਤਾ, ਤੇਜ਼ੀ, ਅਤੇ ਤਸ਼ੱਦਦ ਨਾਲ ਜੁੱਟ ਗਿਆ। ਬਸਤੀਵਾਦ, ਸੰਸਾਰ ਜੰਗਾਂ, ਸਿਆਸੀ ਇਨਕਲਾਬ, ਜਮਾਤੀ ਜਦੋ-ਜਹਿਦਾਂ ਅਤੇ ਨਵੇਂ ਸਾਮਰਾਜਾਂ ਦੇ ਪੁਨਰਗਠਨ ਦਾ ਸਿਲਸਿਲਾ ਹੋਰ ਤੇਜ਼ ਹੋ ਗਿਆ।

ਮਾਰਕਸ ਨੇ ਉਤਪਾਦਨ ਦੇ ਸਾਧਨਾਂ ਦੇ ਵਿਕਾਸ ਬਾਰੇ ਬੇਮਿਸਾਲ ਕੰਮ ਕੀਤਾ, ਪਰ ਉਸ ਨੇ ਇਸ ਦੇ ਪਿਛੇ ਕੰਮ ਕਰਦੀ ਅਰੁੱਕ ਕੁਦਰਤੀ ਲੋੜ (natural necessit ) ਅਤੇ ਇਸ ਦੀ ਦਵੰਦਾਤਮਕ ਪ੍ਰਕ੍ਰਿਆ ਬਾਰੇ ਬਹੁਤ ਕੁਝ ਨਹੀਂ ਕਿਹਾ। ਜੇ ਕਿਤੇ ਜ਼ਿਕਰ ਹੈ ਵੀ ਤਾਂ ਇਸਦਾ ਤਰਤੀਬ-ਸ਼ੁਦਾ ਸਿਧਾਂਤ ਨਹੀਂ ਦਿੱਤਾ। ਇਸੇ ਕਰਕੇ ਬਹੁਤ ਸਾਰੇ ਵਰਤਾਰੇ ਅਜ ਮਾਰਕਸਵਾਦੀ ਵਿਸ਼ਲੇਸ਼ਣ ਰਾਹੀਂ ਖਿੱਚ ਧੂਹ ਕੇ ਵਿਆਖਤ ਕੀਤੇ ਜਾਂਦੇ ਹਨ।

੩. ਸਮਾਜਕ ਜਦੋਜਹਿਦਾਂ, ਜੰਗਾਂ ਅਤੇ ਪ੍ਰਸਪਰ ਮੁਕਾਬਲਾ:- ਮਾਰਕਸ ਕੌਮਿਊਨਿਸਟ ਮੈਨੀਫੈਸਟੋ ਵਿੱਚ ਕਹਿੰਦਾ ਹੈ, "ਹੁਣ ਤੱਕ ਚੱਲ ਰਹੇ ਸਮਾਜ ਦਾ ਇਤਿਹਾਸ ਜਮਾਤੀ ਜਦੋ-ਜਹਿਦ ਦਾ ਇਤਿਹਾਸ ਹੈ।" ਇਤਿਹਾਸ ਦਾ ਇਹ ਬੜਾ ਸੌੜਾ ਨਜ਼ਰੀਆ ਹੈ। ਅਸਲ ਗੱਲ ਹੈ ਕਿ ਕਮੀ ਜਮਾਤਾਂ ਨੂੰ ਅਤੇ ਜਮਾਤੀ ਜਦੋ ਜਹਿਦ ਨੂੰ ਜਨਮ ਦਿੰਦੀ ਹੈ। ਪਰ ਕਮੀ ਦੇ ਮਾਹੌਲ ਵਿਚ ਤੁਖਮਾਂ, ਜਾਤਾਂ, ਜਮਾਤਾਂ, ਧਰਮਾਂ, ਕੌਮਾਂ ਅਤੇ ਵਿਅਕਤੀਆਂ ਵਿੱਚ ਇਕ ਨਿਰੰਤਰ ਮੁਕਾਬਲਾ ਅਤੇ ਜਦੋ ਜਹਿਦ ਚਲਦੀ ਰਹਿੰਦੀ ਹੈ। ਇਥੋਂ ਤੱਕ ਕਿ ਜਮਾਤਾਂ ਦੇ ਅੰਦਰ ਵੀ ਇਸ ਮੁਕਾਬਲੇ ਨੂੰ ਮੱਧਮ ਕਰਨ ਲਈ ਕਾਨੂੰਨ ਬਣਾਉਣੇ ਪੈਂਦੇ ਹਨ।

ਸਰਮਾਇਦਾਰ ਸਰਮਾਇਦਾਰ ਦੇ ਵਿਰੁੱਧ ਜੀਵਨ -ਜਦੋ-ਜਹਿਦ ਦੇ ਗੰਭੀਰ ਮੁਕਾਬਲੇ ਵਿੱਚ ਫਸਿਆ ਬੈਠਾ ਹੈ। ਇਸ ਮੁਕਾਬਲੇ ਬਾਰੇ ਐਂਗਲਜ਼ ਕਿਸੇ ਹੋਰ ਸੰਦਰਭ ਵਿੱਚ ਗੱਲ ਕਰਦਾ ਲਿਖਦਾ ਹੈ," ਜੋ ਡਿੱਗ ਪੈਂਦਾ ਹੈ ਉਸ ਨੂੰ ਬਿਨ੍ਹਾਂ ਕਿਸੇ ਪਛਤਾਵੇ ਦੇ ਇਕ ਪਾਸੇ ਧੱਕ ਦਿੱਤਾ ਜਾਂਦਾ ਹੈ । ਇਹ ਵਿਅਕਤੀ ਦੀ ਹੋਂਦ ਲਈ ਡਾਰਵਿਨੀਅਨ ਜਦੋਜਹਿਦ ਹੈ ਜੋ ਕੁਦਰਤ ਤੋਂ ਬਦਲ ਕੇ ਸਮਾਜ ਵਿੱਚ ਆ ਜਾਂਦੀ ਹੈ, ਸਗੋਂ ਵਧੇਰੇ ਤਸ਼ੱਦਦ ਨਾਲ।[6]

ਇਹ ਜਦੋ ਜਹਿਦ ਕਬੀਲਿਆਂ, ਧਰਮਾਂ ਅਤੇ ਰਾਜਾਂ ਵਿੱਚ ਬੜੇ ਕਤਲੇਆਮ ਕਰਵਾ ਚੁੱਕੀ ਹੈ। ਇਸ ਦਾ ਅਸਲ ਕਾਰਨ ਵਸੀਲਿਆਂ ਦੀ ਕਮੀ ਅਤੇ ਇਸਤੋਂ ਪੈਦਾ ਹੋਏ ਬੇਦਲੀਲ ਰਿਸ਼ਤੇ ਹਨ। ਇਸ ਡਾਰਵਿਨੀਅਨ ਜਦੋਜਹਿਦ ਦੀ ਜੰਗਲੀ ਅਰਾਜਕਤਾ ਵਿਚੋਂ ਦਲੀਲ ਅਤੇ ਕਾਨੂੰਨ ਦੀ ਤਰਤੀਬ ਜਨਮ ਲੈਂਦੀ ਹੈ।

੪. ਇਨਸਾਨ ਦਾ ਸ੍ਵੈ-ਵਿਕਾਸ:- ਇਸ ਜੀਵਨ ਸੰਘਰਸ਼ ਦੇ ਰੌਲੇ ਵਿੱਚ ਜੂਝਦਾ ਇਨਸਾਨ ਸਮੂਹਕ ਸ੍ਵੈ-ਵਿਕਾਸ 'ਚੋਂ ਲੰਘ ਰਿਹਾ ਹੈ। ਇਨਸਾਨੀਯਥਾਰਥ ਦੇ ਦਲੀਲੀਕਰਨ ਅਤੇ ਅਦਾਰਾਬੰਦੀ ਦੀ ਪ੍ਰਕ੍ਰਿਆ ਤੋਂ ਇਨਸਾਨੀ ਸਿਆਸੀ ਅਤੇ ਸਭਿਅਕ ਵਿਕਾਸ ਹੁੰਦਾ ਹੈ। ਇਸ ਦੇ ਨਾਲ ਨਾਲ ਗਿਆਨ ਅਤੇ ਵਿਗਿਆਨ ਦਾ ਵਿਕਾਸ ਚਲਦਾ ਹੈ। ਜੋ ਕਾਢ, ਜੋ ਤਰੀਕਾ ਇਕ ਵਾਰ ਲੱਭ ਲਿਆ ਜਾਂਦਾ ਹੈ ਉਹ ਮਨੁੱਖੀ ਸਭਿਅਤਾ ਦਾ ਹਿੱਸਾ ਬਣ ਜਾਂਦਾ ਹੈ। ਅਜ ਦੀ ਦੁਨੀਆਂ 'ਚ ਪੁਰਾਤਨ ਪਹੀਏ ਦੀ ਕਾਢ ਦਾ ਕਿੰਨਾ ਵੱਡਾ ਹਿੱਸਾ ਹੈ।

ਭਾਵੇਂ biological ਵਿਕਾਸ 'ਚੋਂ ਇਨਸਾਨ ਬਾਹਰ ਆ ਚੁੱਕਾ ਹੈ ਪਰ ਜਿਸਮਾਨੀ ਡੀਲ ਡੌਲ ਗਿਆਨ ਅਤੇ ਸ੍ਵੈ-ਵਿਕਾਸ ਇਨਸਾਨ ਨੂੰ ਪੂਰਨਤਾ ਵੱਲ ਲੈ ਜਾ ਰਿਹਾ ਹੈ।

ਖਾਸ ਕਰ ਸਮਾਜਕ ਤਾਕਤਾਂ ਦਾ ਗਿਆਨ ਇਨਸਾਨ ਨੂੰ ਸਮੂਹਕ ਸ੍ਵੈ-ਗਿਆਨ ਰਾਹੀਂ ਸੁਤੰਤਰਤਾ ਵੱਲ ਲੈ ਜਾ ਰਿਹਾ ਹੈ। ਐਂਗਲਜ਼ ਇਸ ਬਾਰੇ ਲਿਖਦਾ ਹੈ,"ਪਰ ਜਦੋਂ ਇਹਨਾਂ ਤਾਕਤਾਂ ਦੀ ਫਿਤਰਤ ਸਮਝ ਲਈ ਗਈ, ਤਾਂ ਉਤਪਾਦਕਾਂ ਦੇ ਹੱਥਾਂ 'ਚ ਸਾਂਝ ਨਾਲ ਇਹਨਾਂ ਨੂੰ 'ਸਿਰ ਚੜੇ' ਭੂਤਾਂ ਤੋਂ ਬਦਲ ਕੇ ਇੱਛਤ ਨੌਕਰ ਬਣਾਇਆ ਜਾ ਸਕਦਾ ਹੈ।"[7]

---

ਹਵਾਲੇ

1 C. Darwin, Origin of Species and the Descent of Man.
2 ਇਸ ਦੀ ਪੂਰੀ ਵਿਆਖਿਆ ਅਰਥਚਾਰੇ ਦੇ ਸਥਾਨਕ ਅੰਤਰ-ਅਮਲਾਂ ਵਿੱਚ ਦੇਣ ਦਾ ਇਰਾਦਾ ਹੈ ਜੇ ਕਦੇ Pnenomonology of Economics ਮੁਕੰਮਲ ਕਰਨ ਦਾ ਮੌਕਾ ਮਿਲਿਆ।
3 ਗੁਮਨਾਮ ਮਰਨ ਵਾਲੀ ਹੈਲਨ ਮੂਰ ਨੇ ਇਸ ਬਾਰੇ ਬੜੀ ਖੋਜ ਭਰਿਆ ਥੀਸਿਚ ਲਿਖਿਆ ਸੀ।
4 C. Darwin, Origin of Species and the Descent of Man.
5 ਜੀਵਨ ਦੇ ਗੁਣਾਤਮਕ ਚੰਗੇਰੇਪਨ ਵਿੱਚ ਵੀ ਫਰਕ ਜ਼ਰੂਰ ਪਿਆ ਹੈ। ਨਵੀਆਂ ਅਤੇ ਵਰਤੋਂ ਦੀਆਂ ਚੀਜ਼ਾਂ ਦੀ ਸਾਪੇਖਕ ਬਹੁਤਾਤ ਪੈਦਾ ਹੋਈ ਹੈ।
6 F. Engels, Selected Works Moscow, 1968, p. 423.
7 F. Engels, Selected Works Moscow, 1968, p. 429

Paul's
Plumbing , Electrical
& Heating Supply

Plumbing & Bathroom Hot Water Heating
Fixtures & Supplies Supplies And
Hot Water Tanks Instalations
We also do new Houses Plumbing
4578 Main St., Vancouver
Ph.: 872-3118 ; 872-7277

# ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਤੇਰਵਾਂ ਸੰਸਾਰ ਮੇਲਾ

## -ਹਰਜਿੰਦਰ ਸਾਂਗਰਾ

**ਪਿਉਂਗਯੇਂਗ, ਪੀਪਲਜ਼ ਡੈਮੋਕਰੈਟਿਕ ਰੀਪਬਲਿਕ ਆਫ ਕੋਰੀਆ-**

ਜੁਲਾਈ 1989 ਦੇ ਸ਼ੁਰੂ ਵਿਚ ਦੁਨੀਆਂ ਦੇ 180 ਦੇਸ਼ਾਂ ਵਿਚੋਂ 15000 ਯੁਵਕ ਅਤੇ ਯੁਵਤੀਆਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਤੇਰਵੇਂ ਸੰਸਾਰ ਮੇਲੇ ਵਿਚ ਭਾਗ ਲੈਣ ਲਈ ਪੀਪਲਜ਼ ਰੀਪਬਲਿਕ ਆਫ ਕੋਰੀਆ (ਉੱਤਰੀ ਕੋਰੀਆ) ਦੇ ਸ਼ਹਿਰ ਪਿਉਂਗਯੇਂਗ ਪਹੁੰਚੇ। ਦੁਨੀਆਂ ਭਰ ਦੇ ਇਹ ਨੌਜਵਾਨ ਅੱਠਾਂ ਦਿਨਾਂ ਲਈ 'ਦੋਸਤੀ, ਅਮਨ 'ਤੇ ਸਾਂਝ ਅਤੇ ਸਾਮਰਾਜ ਦਾ ਵਿਰੋਧ' ਆਦਿ ਨਾਹਰਿਆਂ ਹੇਠ ਇਕੱਠੇ ਹੋਏ। ਇਨ੍ਹਾਂ ਅੱਠਾਂ ਦਿਨਾਂ ਵਿਚ ਉਨ੍ਹਾਂ ਸਿਆਸੀ ਬਹਿਸਾਂ, ਸਭਿਆਚਾਰਕ ਅਦਾਨ ਪ੍ਰਦਾਨ, ਖੇਡ ਮੁਕਾਬਲਿਆਂ ਅਤੇ ਕਈ ਤਰ੍ਹਾਂ ਦੀਆਂ ਸਮਾਜ਼ਕ ਗਤੀਵਿਧੀਆਂ ਵਿਚ ਭਾਗ ਲਿਆ।

ਹਰ ਚਾਰ ਸਾਲਾਂ ਬਾਅਦ ਲਾਇਆ ਜਾਂਦਾ ਇਹ ਮੇਲਾ ਸੰਸਾਰ ਦੇ ਪ੍ਰਗਤੀਵਾਦੀ ਨੌਜਵਾਨਾਂ ਨੂੰ ਇਕੱਠੇ ਹੋਕੇ ਵਿਚਾਰ ਅਤੇ ਟੀਚੇ ਸਾਂਝੇ ਕਰਨ ਅਤੇ ਦੋਸਤੀ ਅਤੇ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਹਿੱਸਾ ਪਾਉਂਦਾ ਹੈ।

ਪਿਛਲੇ ਚਾਲੀ ਸਾਲਾਂ ਤੋਂ ਸ਼ੁਰੂ ਹੋਇਆ ਇਹ ਮੇਲਾ ਇਸ ਸਾਲ ਪਹਿਲੀ ਵਾਰ ਏਸ਼ੀਆ ਦੀ ਧਰਤੀ ਤੇ ਲਾਇਆ ਗਿਆ। 'ਇੰਟਰਨੈਸ਼ਨਲ ਯੂਨੀਅਨ ਆਫ ਸਟੂਡੈਂਟਸ' ਵਲੋਂ ਇਹ ਮੇਲਾ ਸੰਨ 1947 ਵਿਚ ਪਰਾਗ, ਚੈਕਸਲੋਵਾਕੀਆ ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਤਰ੍ਹਾਂ ਇਸ ਮੇਲੇ ਨੂੰ ਸ਼ੁਰੂ ਕਰਨ ਵਾਲੇ ਉਹ ਨੌਜਵਾਨ ਸਨ ਜੋ ਕੁੱਝ ਸਾਲ ਪਹਿਲਾਂ ਦੂਜੀ ਸੰਸਾਰ ਜੰਗ ਵਿਚੋਂ ਲੰਘੇ ਸਨ। ਉਦੋਂ ਤੋਂ ਇਹ ਮੇਲਾਂ ਹਰ ਸਾਲ ਵੱਧਦਾ ਫੁਲਦਾ ਆ ਰਿਹਾ ਹੈ। ਹੁਣ ਤੱਕ ਇਹ ਅਸਟਰੀਆ, ਪੋਲੈਂਡ, ਹੰਗਰੀ, ਬੁਲਗਾਰੀਆ, ਫਿਨਲੈਂਡ, ਸੋਵੀਅਤ ਯੂਨੀਅਨ ਅਤੇ ਕਿਊਬਾ ਵਿਚ ਲੱਗ ਚੁੱਕਾ ਹੈ।

ਅਮਨ ਅਤੇ ਹਥਿਆਰਬੰਦੀ, ਸਾਮਰਾਜ ਵਿਰੋਧੀ ਸਾਂਝ, ਸੰਸਾਰ ਪੱਧਰ ਤੇ ਵਾਤਾਵਰਣ ਨਾਲ ਸਬੰਧਤ ਸਮਸਿਆਵਾਂ, ਔਰਤਾਂ ਦੇ ਹੱਕਾਂ ਦੀ ਲਹਿਰ, ਨਿਰਪੱਖ ਦੇਸ਼ਾਂ ਦੀ ਲਹਿਰ, ਵਿਦਿਆਰਥੀਆਂ ਦੇ ਹੱਕ ਅਤੇ ਵਿਦਿਆ, ਮਨੁੱਖੀ ਅਧਿਕਾਰ ਅਤੇ ਵਿਕਸਤ ਅਣਵਿਕਸਤ ਦੇਸ਼ਾਂ ਵਿਚਕਾਰ ਆਰਥਿਕ ਬਰਾਬਰਤਾ ਇਸ ਸਾਲ ਮੇਲੇ ਦੇ ਕੇਂਦਰੀ ਵਿਸ਼ੇ ਸਨ।

ਇਸ ਮੇਲੇ ਵਿਚ ਕੈਨੇਡੀਅਨ ਡੈਲੀਗੇਸ਼ਨ ਦੇ 70 ਮੈਂਬਰ ਸਨ ਜੋ ਵੱਖਰੀਆਂ ਵੱਖਰੀਆਂ ਸਿਆਸੀ, ਸਭਿਆਚਾਰਕ, ਧਾਰਮਿਕ ਅਤੇ ਸਮਾਜ਼ਕ ਲਹਿਰਾਂ ਨਾਲ ਸਬੰਧਤ ਸੰਸਥਾਵਾਂ ਦੀ ਨੁਮਾਇੰਦਗੀ ਕਰਦੇ ਸਨ। ਜਿਵੇਂ: ਟਰੇਡ ਯੂਨੀਅਨਾਂ, ਔਰਤਾਂ ਦੀਆਂ ਜਥੇਬੰਦੀਆਂ, ਨਸਲਵਾਦ ਵਿਰੋਧੀ ਜਥੇਬੰਦੀਆਂ, ਨਿਊ ਡੈਮੋਕਰੈਟਿਕ ਪਾਰਟੀ ਦਾ ਨੌਜਵਾਨ ਵਿੰਗ, ਯੰਗ ਕਮਿਊਨਿਸਟ ਲੀਗ, ਸਮਲਿੰਗੀ ਲੋਕਾਂ ਦੇ ਹੱਕਾਂ ਲਈ ਬਣੀਆਂ ਜਥੇਬੰਦੀਆਂ ਆਦਿ ਵਿਚੋਂ। ਇਨ੍ਹਾਂ 70 ਮੈਂਬਰਾਂ ਨੂੰ 141 ਜਥੇਬੰਦੀਆਂ ਦਾ ਸਮਰਥਨ ਹਾਸਲ ਸੀ।

ਸਾਰੇ ਕੈਨੇਡੀਅਨ ਡੈਲੀਗੇਟਾਂ ਦੀ ਇਹ ਰਾਇ ਹੈ ਕਿ ਦੁਨੀਆਂ ਭਰ ਤੋਂ ਆਏ ਲੋਕਾਂ ਨੂੰ ਮਿਲਨ ਅਤੇ ਵਿਚਾਰਾਂ ਦੇ ਆਦਾਨ ਪ੍ਰਦਾਨ ਕਾਰਨ ਹਾਸਲ ਹੋਈ ਅਮੀਰੀ ਅਤੇ ਗਿਆਨ, ਇਸ ਮੇਲੇ ਦਾ ਮਹੱਤਵਪੂਰਨ ਪੱਖ ਹੈ। ਬੀ.ਸੀ. ਦੇ ਸ਼ਹਿਰ ਪ੍ਰਿੰਸ ਰੁਪਰਟ ਤੋਂ ਟਰੇਡ ਯੂਨੀਅਨ ਮੈਂਬਰ ਅਤੇ ਕੈਨੇਡੀਅਨ ਡੈਲੀਗੇਸ਼ਨ ਦੇ 9 ਨੇਟਿਵ ਮੈਂਬਰਾਂ ਵਿਚੋਂ ਇਕ ਮੈਂਬਰ, 25 ਸਾਲਾ ਸਟੂਅਰਟ ਮੈਕਲੀਨ ਅਨੁਸਾਰ ਇਸ ਮੇਲੇ ਨੇ ਉਸਦੀ ਸੋਚ ਅਤੇ ਖਿਆਲਾਂ ਨੂੰ ਮੋਕਲਾ ਕਰਨ ਅਤੇ ਆਲੇ ਦੁਆਲੇ ਬਾਰੇ ਦੇਖਣ ਲਈ ਸੰਸਾਰਕ ਦ੍ਰਿਸ਼ਟੀਕੋਣ ਬਨਾਉਣ ਵਿਚ ਹਿੱਸਾ ਪਾਇਆ ਹੈ।

ਮੇਲੇ ਦਾ ਮਾਹੌਲ ਖੁਸ਼ਫਹਿਮ, ਦੋਸਤਾਨਾ ਅਤੇ ਖੁਲ੍ਹਾ ਡੁਲ੍ਹਾ ਸੀ। ਇਹ ਅੱਠ ਦਿਨ ਹਰ ਸੰਭਵ ਵਿਸ਼ੇ ਉਪਰ ਸਿਆਸੀ ਵਿਚਾਰ ਵਟਾਂਦਰਾ ਕਰਦਿਆਂ ਲੰਘੇ। ਮੇਲੇ ਦੀਆਂ ਹੋਰ ਸਰਗਰਮੀਆਂ ਵਿਚੋਂ ਕੁੱਝ ਇਕ ਸਰਗਰਮੀਆਂ ਸਨ: ਡੈਲੀਗੇਟਾਂ ਵਿਚਕਾਰ ਦੁਤਰਫੀ ਮੀਟਿੰਗਾਂ, ਸਾਂਝ ਦੀ ਭਾਵਨਾ ਵਧਾਉਂਦੀਆਂ ਰੈਲੀਆਂ, ਸਭਿਆਚਾਰਕ ਪ੍ਰੋਗਰਾਮ ਅਤੇ ਖੇਡ ਮੁਕਾਬਲੇ। ਖਾਸ ਦਿਲਚਸਪੀ ਰੱਖਣ ਵਾਲੇ ਨੌਜਵਾਨਾਂ ਲਈ ਵੱਖਰੀਆਂ ਮੀਟਿੰਗਾਂ ਦਾ ਪ੍ਰਬੰਧ ਸੀ ਜਿਵੇਂ: ਪੇਂਡੂ ਖੇਤਰਾਂ ਤੋਂ ਆਏ ਨੌਜਵਾਨਾਂ ਲਈ ਮੀਟਿੰਗਾਂ, ਟਰੇਡ ਯੂਨੀਅਨਾਂ ਨਾਲ ਸਬੰਧਤ ਨੌਜਵਾਨਾਂ ਲਈ ਮੀਟਿੰਗਾਂ, ਨੌਜਵਾਨ ਪੱਤਰਕਾਰਾਂ ਲਈ ਮੀਟਿੰਗਾਂ ਆਦਿ। ਮੇਲੇ ਵਿਚ ਇਕ ਖਾਸ ਸਾਮਰਾਜ ਵਿਰੋਧੀ ਟਰੀਬਿਊਨਲ ਸੀ। ਇਥੇ ਵੱਖ ਵੱਖ ਮੁਲਕਾਂ ਉੱਪਰ ਬਸਤੀਵਾਦ, ਨਸਲਵਾਦ, ਅਪਾਰਥਾਈਡ, ਫ਼ਾਸਿਜ਼ਮ ਅਤੇ ਫੌਜੀ ਤਾਨਾਸ਼ਾਹੀ ਆਦਿ ਦੋਸ਼ਾਂ ਅਧੀਨ ਮੁਕੱਦਮੇ ਚਲਾਏ ਗਏ। ਨਿਕਰਾਗੂਆ, ਅਫਗਾਨਿਸਤਾਨ, ਮੋਜ਼ੰਬੀਕ, ਫਲਸਤੀਨ ਆਦਿ ਦੇਸ਼ਾਂ ਦੇ ਨੌਜਵਾਨਾਂ ਦੀ ਮਦਦ ਵਿਚ ਸਾਂਝ ਵਿਖਾਉਂਦੀਆਂ ਰੈਲੀਆਂ ਕੀਤੀਆਂ ਗਈਆਂ।

ਮੇਲੇ ਵਿਚ ਅੰਤਰਰਾਸ਼ਟਰੀ ਕਲਾ ਅਤੇ ਸਭਿਆਚਾਰ ਦਾ ਇਕ ਖਾਸ ਪ੍ਰੋਗਰਾਮ ਕੀਤਾ ਗਿਆ। ਇਸ ਵਿਚ ਸਿਆਸੀ ਸੰਗੀਤ, ਨਾਟਕ, ਅਤੇ ਨਾਚ ਦੀ ਵੱਡੀ ਪ੍ਰਦਰਸ਼ਨੀ ਕੀਤੀ ਗਈ। ਅੰਤਰਰਾਸ਼ਟਰੀ ਫਿਲਮ ਮੇਲਾ, ਲਲਿਤ ਕਲਾਵਾਂ ਦੀ ਨੁਮਾਇਸ਼ ਅਤੇ ਹਰ ਰੋਜ ਸਾਹਿਤ ਉਪਰ ਕੀਤੀਆਂ ਜਾਂਦੀਆਂ ਗੋਸ਼ਟੀਆਂ ਵੀ ਮੇਲੇ ਦੇ ਸਭਿਆਚਾਰਕ ਪ੍ਰੋਗਰਾਮ ਦਾ ਅੰਗ ਸਨ। ਖੇਡਾਂ ਵਿਚ ਫੁੱਟਵਾਲ, ਵਾਲੀਵਾਲ, ਬਾਸਕਟਵਾਲ, ਜਿਮਨਾਸਟਿਕ ਅਤੇ ਟੇਬਲ ਟੈਨਿਸ ਦੇ ਮੁਕਾਬਲੇ ਸ਼ਾਮਲ ਸਨ।

ਮੇਲੇ ਦੀਆਂ ਸ਼ਾਮਾਂ ਗੈਰ-ਰਸਮੀ ਅਤੇ ਨਿਜੀ ਅਤੇ ਸਾਰਥਕ

ਆਦਾਨ ਪ੍ਰਦਾਨ ਦਾ ਸੋਮਾ ਸਨ। ਕੈਨੇਡੀਅਨ ਡੈਲੀਗੇਸ਼ਨ ਨੇ ਅਫਰੀਕਨ ਨੈਸ਼ਨਲ ਕਾਂਗਰਸ, ਨਿਕਰਾਗੁਆ, ਕਿਊਬਾ, ਚਿੱਲੀ, ਫਲਸਤੀਨੀ ਲਿਬਰੇਸ਼ਨ ਆਰਗੇਨਾਈਜੇਸ਼ਨ ਅਤੇ ਸੋਵੀਅਤ ਯੂਨੀਅਨ ਦੇ ਡੈਲੀਗੇਟਾਂ ਨਾਲ ਦੁਤਰਫੀਂ ਮੀਟਿੰਗਾਂ ਕੀਤੀਆਂ। ਕਿਊਬਨ, ਅਫਰੀਕਨ ਅਤੇ ਪੱਛਮੀ ਸੰਗੀਤ ਉਪਰ ਘੰਟਿਆਂ ਬੱਧੀ ਨਾਚ ਇਹਨਾਂ ਸ਼ਾਮਾਂ ਦਾ ਆਕਰਸ਼ਕ ਹਿੱਸਾ ਸੀ। ਭਾਰਤੀ ਡੈਲੀਗੇਸ਼ਨ ਦੇ ਸਹਿਯੋਗ ਨਾਲ ਹਿੰਦੀ ਫਿਲਮੀ ਗੀਤ ਅਤੇ ਪੰਜਾਬੀ ਭੰਗੜਾ ਵੀ ਇਨ੍ਹਾਂ ਸ਼ਾਮਾਂ ਦਾ ਹਿੱਸਾ ਬਣਿਆ।

ਮੇਲੇ ਦੇ ਆਖਰੀ ਦਿਨ ਮੇਜ਼ਬਾਨ ਦੇਸ਼ ਦਾ ਦਿਨ ਮਿੱਥਿਆ ਗਿਆ ਸੀ। ਇਸ ਦਿਨ ਮੇਜ਼ਬਾਨ ਦੇਸ਼ ਦੇ ਵੱਖ ਵੱਖ ਖੇਤਰਾਂ ਵਿਚ ਸਰਗਰਮ ਲੋਕਾਂ ਨੂੰ ਮਿਲਕੇ ਬਾਹਰੋਂ ਆਏ ਡੈਲੀਗੇਟਾਂ ਨੂੰ ਮੇਜ਼ਬਾਨ ਦੇਸ਼ ਦੇ ਕਈ ਪੱਖਾਂ ਬਾਰੇ ਗਿਆਨ ਮਿਲਿਆ। ਇਸ ਦਿਨ ਉੱਤਰੀ ਕੋਰੀਆ ਦੇ ਸਰਕਾਰੀ ਅਧਿਕਾਰੀਆਂ ਨੂੰ ਮਿਲਨ ਅਤੇ ਕੋਅਪ੍ਰੇਟਿਵ ਫਾਰਮਾਂ, ਸਕੂਲਾਂ, ਫੈਕਟਰੀਆਂ ਅਤੇ ਕੋਰੀਅਨ ਨਾਗਰਿਕਾਂ ਦੇ ਘਰਾਂ ਵਿਚ ਜਾਣ ਦਾ ਮੌਕਾ ਮਿਲਿਆ। ਮੇਲੇ ਲਈ ਸਾਰਾ ਮੁਲਕ ਲਾਮਬੰਦ ਹੋਇਆ ਪਿਆ ਸੀ। ਹਰ ਨਾਗਰਿਕ ਆਪਣੀ ਆਪਣੀ ਥਾਂ ਅਤੇ ਆਪਣੇ ਆਪਣੇ ਢੰਗ ਨਾਲ ਇਸ ਵਿਚ ਯੋਗਦਾਨ ਪਾ ਰਿਹਾ ਸੀ। ਮੇਲੇ ਲਈ ਸ਼ਾਨਦਾਰ ਹੋਟਲ, ਕਾਨਫਰੰਸ ਹਾਲ ਅਤੇ ਸਟੇਡੀਅਮ ਉਸਾਰੇ ਗਏ ਸਨ। ਮੇਲੇ ਦੇ ਪਹਿਲੇ ਦਿਨ ਜਦੋਂ ਡੈਲੀਗੇਟ ਉਦਘਾਟਨੀ ਸਮਾਗਮ ਵਿਚ ਹਿੱਸਾ ਲੈਣ ਲਈ 150,000 ਸੀਟਾਂ ਵਾਲੇ ਸਟੇਡੀਅਮ ਵਲ ਜਾ ਰਹੇ ਸਨ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਪਿਉਂਗਯੈਂਗ ਦੀਆਂ ਸੜਕਾਂ ਦੇ ਦੋਵੇਂ ਪਾਸੀ ਖੜ੍ਹੇ ਨਾਹਰੇ ਲਾ ਰਹੇ ਸਨ: 'ਕੋਰੀਆ ਇਕ ਹੈ', 'ਪਿਤਰ ਭੂਮੀ ਇਕੱਠੀ ਹੈ'।

ਜਦੋਂ ਕਿ ਕੁਝ ਜਥੇਬੰਦੀਆਂ ਅਤੇ ਡੈਲੀਗੇਟਾਂ ਦੇ ਮਨ ਮੇਜ਼ਬਾਨ ਦੇਸ਼ ਬਾਰੇ ਕਈ ਤਰ੍ਹਾਂ ਦੇ ਡਰਾਂ ਅਤੇ ਆਲੋਚਨਾ ਨਾਲ ਭਰੇ ਪਏ ਸਨ, ਕੈਨੇਡੀਅਨ ਡੈਲੀਗੇਸ਼ਨ ਦੇ ਮੇਜ਼ਬਾਨ ਦੇਸ਼ ਅਤੇ ਮੇਲੇ ਬਾਰੇ ਵੱਖਰੇ ਪ੍ਰਭਾਵ ਬਣੇ। ਅਸੀਂ ਸਰਮਾਏਦਾਰੀ ਜਾਂ ਵਿਕਸਤ ਦੇਸ਼ਾਂ ਅੰਦਰ ਉੱਤਰੀ ਕੋਰੀਆ ਬਾਰੇ ਨਾਂਹ ਦੇ ਬਰਾਬਰ ਜਾਣਦੇ ਹਾਂ ਇਸ ਲਈ ਕੈਨੇਡੀਅਨ ਡੈਲੀਗੇਸ਼ਨ ਨੇ ਡੈਮੋਕਰੈਟਿਕ ਪੀਪਲਜ਼ ਰੀਪਬਲਿਕ ਆਫ ਕੋਰੀਆ ਵਿਚ ਹੈਰਾਨਕੁਨ ਵਿਕਾਸ ਦੇਖ ਕੇ ਬਹੁਤ ਪ੍ਰਸ਼ੰਸਾ ਕੀਤੀ। ਮੇਰੇ ਸਮੇਤ ਕਿਨ੍ਹੇ ਡੈਲੀਗੇਟ ਸਮਾਜਕ ਹਾਲਤਾਂ ਦੇਖ ਬਹੁਤ ਪ੍ਰਭਾਵਤ ਹੋਏ। ਨੈਸ਼ਨਲ ਫਾਰਮਰਜ਼ ਯੂਨੀਅਨ ਦੇ ਯੈਨਿਸ ਪੈਂਡਰਸਨ ਨੇ ਆਪਣੇ ਵਿਚਾਰ ਇਸ ਤਰ੍ਹਾਂ ਦੱਸੇ," 30 ਸਾਲਾਂ ਵਿਚ ਇਨ੍ਹਾਂ ਜੋ ਕੁੱਝ ਕਰ ਵਿਖਾਇਆ ਹੈ ਮੈਂ ਉਸਤੋਂ ਹੈਰਾਨ ਹਾਂ। ਕੋਰੀਅਨ ਜੰਗ ਸਮੇਂ ਅਮਰੀਕਨਾ ਨੇ ਪਿਉਂਗਯੈਂਗ ਸ਼ਹਿਰ ਨੂੰ ਬੰਬਾ ਨਾਲ ਮਲੀਆਮੇਟ ਕਰ ਦਿੱਤਾ ਸੀ...। ਪਰ (ਅੱਜ) ਕਿਤੇ ਵੀ ਕੋਈ ਖੰਡਰ ਜਾਂ ਖੋਲਾ ਨਹੀਂ ਦਿਸਦਾ, ਅਤੇ ਨਾਂਹੀ ਬੇਘਰੇ ਲੋਕ।"

ਇਕ ਗੱਲ ਜਿਸ ਬਾਰੇ ਕਈ ਡੈਲੀਗੇਟਾਂ ਨੇ ਸੰਕੋਚ ਜਾਹਿਰ ਕੀਤਾ ਉਹ ਸੀ ਉੱਤਰੀ ਕੋਰੀਆ ਦੇ ਲੀਡਰ ਕਿਮ ਉਲ ਸੰਗ ਦੀ ਸ਼ਖਸੀ ਪੂਜਾ। ਸ਼ਹਿਰ ਵਿਚ ਫਿਰਦੇ ਤੁਸੀਂ 'ਮਹਾਨ ਲੀਡਰ' ਦੇ ਵੱਡੇ ਵੱਡੇ ਚਿਤਰਾਂ ਅਤੇ ਬੁੱਤਾਂ ਦੀ ਜਕੜ ਹੇਠ ਆਏ ਮਹਿਸੂਸ ਕਰਦੇ ਹੋ। ਕਿਮ ਉਲ ਸੰਗ ਨੂੰ ਜਾਪਾਨੀ ਬਸਤੀਵਾਦੀਆਂ ਜਿਨ੍ਹਾਂ ਕੋਰੀਆ ਨੂੰ 40 ਸਾਲ ਆਪਣੇ ਅਧਿਕਾਰ ਹੇਠ ਰੱਖਿਆ ਅਤੇ ਫਿਰ ਅਮਰੀਕਨ ਵਿਰੁੱਧ ਜੰਗ ਲੜਨ ਲਈ ਪੂਜਿਆ ਜਾਂਦਾ ਹੈ। ਇਹ ਸ਼ਖਸੀ ਪੂਜਾ ਉਸ ਦੇਸ਼ , ਜਿਸਨੂੰ ਦੱਖਣੀ ਕੋਰੀਆ ਵਿਚ ਸਥਿਤ ਅਮਰੀਕਨ ਫੌਜਾਂ ਦੇ ਹਮਲੇ ਦੇ ਖਤਰੇ ਹੇਠ ਮੁੜ ਉਸਾਰੀ ਅਤੇ ਵਿਕਾਸ ਲਈ ਲਗਾਤਾਰ ਜਦੋਜਹਿਦ ਕਰਨੀ ਪੈ ਰਹੀ ਹੈ, ਦੀ ਇਕ ਲੋੜ ਜਾਪਦੀ ਹੈ। ਇਸ ਸਮੇਂ ਦੱਖਣੀ ਕੋਰੀਆ ਵਿਚ ਅਮਰੀਕਨ ਫੌਜਾਂ ਦੀ ਨਫਰੀ 43000 ਫੌਜੀਆਂ ਅਤੇ 150 ਐਟਮੀ ਹੱਥਿਆਰ ਤੋਂ ਵੱਧ ਹੈ।

ਦੱਖਣੀ ਕੋਰੀਆ ਦੀ ਸਰਕਾਰ ਨੇ ਉੱਥੋਂ ਦੇ ਨੌਜਵਾਨਾਂ ਅਤੇ ਵਿਦਿਆਰਥੀਆਂ ਵਲੋਂ ਇਸ ਮੇਲੇ ਵਿਚ ਸ਼ਾਮਲ ਹੋਣ ਉਪਰ ਪਾਬੰਦੀ ਲਾ ਦਿੱਤੀ ਸੀ। ਪਰ ਮੇਲੇ ਦੀ ਪਹਿਲੀ ਸ਼ਾਮ ਨੂੰ ਦੱਖਣੀ ਕੋਰੀਆ ਦੇ ਇਕ ਵਿਦਿਆਰਥੀ ਵਲੋਂ ਗੈਰਕਾਨੂੰਨੀ ਤੌਰ ਤੇ ਮੇਲੇ ਵਿਚ ਸ਼ਾਮਲ ਹੋਣ ਦੀ ਹੌਂਸਲੇ ਭਰਪੂਰ ਕਾਰਵਾਈ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਇਹ ਵਿਦਿਆਰਥੀ, ਜਿਹੜਾ ਦੱਖਣੀ ਕੋਰੀਆ ਵਿਚ ਕੋਰੀਆ ਨੂੰ ਇਕੱਠਾ ਹੋਣ ਦੀ ਮੰਗ ਲੈਕੇ ਹੁੰਦੇ ਮੁਜਾਹਰਿਆਂ ਵਿਚ ਸਰਗਰਮ ਹਿੱਸਾ ਲੈਂਦਾ ਰਿਹਾ ਸੀ ਇਕ ਦਮ ਸਾਰਿਆਂ ਦਾ ਚਹੇਤਾ ਬਣ ਗਿਆ। ਇਸਦੇ ਨਾਲ ਹੀ ਉਹ ਦੋਹਾਂ ਕੋਰੀਆਂ ( ਉੱਤਰੀ ਅਤੇ ਦੱਖਣੀ) ਨੂੰ ਮੁੜ ਇਕੱਠੇ ਹੋਇਆ ਦੇਖਣ ਦੇ ਚਾਹਵੰਦ ਲੋਕਾਂ ਦੀਆਂ ਖਾਹਿਸ਼ਾਂ ਦਾ ਚਿੰਨ ਬਣ ਗਿਆ।

ਨੌਜਵਾਨਾਂ ਅਤੇ ਵਿਦਿਆਰਥੀਆਂ ਦਾ ਇਹ ਤੇਰ੍ਹਵਾਂ ਸੰਸਾਰ ਮੇਲਾ ਇਕ ਬਹੁਤ ਹੀ ਮਹੱਤਵਪੂਰਨ ਵਾਕਿਆ ਸੀ, ਜਿਸਨੇ ਪੰਜਾਂ ਮਹਾਂਦੀਪਾਂ ਦੇ ਨੌਜਵਾਨਾਂ ਨੂੰ ਦੋਸਤੀ ਅਤੇ ਸਾਂਝ ਦੇ ਨਾ ਤੇ ਇਕੱਠੇ ਹੋਣ ਦਾ ਮੌਕਾ ਦਿੱਤਾ। ਇਹ ਮੇਲਾ ਦੁਨੀਆਂ ਭਰ ਦੇ ਪ੍ਰਗਤੀਵਾਦੀ ਨੌਜਵਾਨਾਂ ਅਤੇ ਵਿਦਿਆਰਥੀਆਂ ਦੀ ਵੱਡੀ ਸਿਆਸੀ ਮਿਲਣੀ ਸੀ ਜੋ ਇਨ੍ਹਾਂ ਨੌਜਵਾਨਾਂ ਨੂੰ ਆਪਣੇ ਆਦਰਸ਼ਾਂ ਅਤੇ ਆਸ਼ਾਵਾਂ ਨੂੰ ਅੱਗੇ ਵਧਾਉਣ ਵਿਚ ਮੱਦਦ ਕਰੇਗਾ।

ਅੱਜ ਜਦੋਂ ਅਸੀਂ 21ਵੀਂ ਸਦੀ ਵਿਚ ਪ੍ਰਵੇਸ਼ ਕਰਨ ਜਾ ਰਹੇ ਹਾਂ ਤਾਂ ਇਹ ਬੜਾ ਸੌਖਾ ਹੈ ਕਿ ਅਸੀਂ ਭਰਮ-ਵਸ ਹੋਕੇ ਆਪਣੇ ਆਦਰਸ਼ਾਂ ਨੂੰ ਛੱਡ ਦੇਈਏ। ਜਿਵੇਂ ਇਕ ਡੈਲੀਗੇਟ ਨੇ ਦੱਸਿਆ, "ਮੈਂ ਆਪਣੇ ਆਦਰਸ਼ਾਂ ਵਲੋਂ ਬੇਮੁੱਖ ਹੋਣਾ ਸ਼ੁਰੂ ਹੋ ਗਿਆ ਸੀ, ਪਰ ਇਸ ਮੇਲੇ ਨੇ ਮੈਨੂੰ ਫਿਰ ਉਨ੍ਹਾਂ ਆਦਰਸ਼ਾਂ ਦੇ ਅੱਗੇ ਲਿਆ ਖੜ੍ਹਾ ਕੀਤਾ ਹੈ। ਮੇਲੇ ਵਿਚ ਹਰ ਕੋਈ ਤਬਦੀਲੀ ਲਿਆਉਣ ਦੀ ਭਾਵਨਾ ਨਾਲ ਭਰਪੂਰ ਸੀ..... ਅਤੇ ਜਦੋਂ ਮੈਂ ਵਾਪਸ ਆਇਆ ਤਾਂ ਮੈਂ ਵੀ ਫਿਰ ਦੁਨੀਆਂ ਬਦਲਣ ਲਈ ਤਿਆਰ ਸੀ"।

---

(ਵਤਨ ਦੀ ਟੀਮ ਮੈਂਬਰ ਹਰਜਿੰਦਰ ਸਾਂਗਰਾ ਮੇਲੇ ਵਿਚ ਇਕ ਕੈਨੇਡੀਅਨ ਡੈਲੀਗੇਟ ਦੇ ਤੌਰ ਤੇ ਸ਼ਾਮਲ ਹੋਈ। ਉਹ ਮੇਲੇ ਵਿਚ ਵੈਨਕੂਵਰ ਸੱਥ ਦੀ ਨੁਮਾਇੰਦਗੀ ਕਰਦੀ ਸੀ। ਸੱਥ ਤੋਂ ਬਿਨਾਂ ਉਸਨੂੰ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਅਤੇ 'ਇੰਟਰਨੈਸ਼ਨਲ ਕਰਾਸ ਰੋਡ' ਦਾ ਵੀ ਸਮਰਥਨ ਪ੍ਰਾਪਤ ਸੀ)

---

ਸੂਟਾਂ, ਸਾੜੀਆਂ ਅਤੇ ਵਧੀਆ ਪਰਦੇ ਬਣਾਉਣ
ਲਈ ਇੱਕੋ ਇਕ ਭਰੋਸੇਯੋਗ ਸਟੋਰ

# SHAN SAREES & DRAPERY LTD

6543 MAIN ST.
VANCOUVER, B.C.
V5X 3H1
PH: 321-1955
or 321-0847




ਫੈਬਰਿਕ ਸਬੰਧੀ ਕੋਈ ਵੀ ਚੀਜ਼ ਖਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈੱਕ ਜਰੂਰ ਕਰੋ। ਤੁਹਾਨੂੰ ਜੀ ਆਇਆਂ ਕਹਿਣ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾਂ ਖੁਸ਼ੀ ਮਹਿਸੂਸ ਕਰੇਗਾ।

# AVENUE AUTO GLASS

WINDSHIELD REPLACEMENT
FREE CHIP REPAIRS ON I.C.B.C. CLAIM
(FREE MOBILE SERVICE)

ਕਾਰਾਂ, ਟਰੱਕਾਂ, ਵੈਨਾਂ, ਬੱਸਾਂ, ਦੇ ਸ਼ੀਸ਼ੇ ਪਵਾਉਣ ਲਈ ਹਮੇਸ਼ਾਂ ਐਵਿਨਿਊ ਆਟੋ ਗਲਾਸ ਨੂੰ ਚੇਤੇ ਰੱਖੋ। ਅਸੀਂ ਤੁਹਾਡੇ ਘਰ ਆਕੇ ਵੀ ਸ਼ੀਸ਼ੇ ਬਦਲ ਸਕਦੇ ਹਾਂ। ਆਈ. ਸੀ. ਬੀ. ਸੀ. ਦੇ ਕਲੇਮ ਵੀ ਲਏ ਜਾਂਦੇ ਹਨ। ਅਸੀਂ ਘਰਾਂ ਅਤੇ ਬੇਸਮੈਂਟਾਂ ਦੇ ਸ਼ੀਸ਼ੇ ਨਵੇਂ ਪਾਕੇ ਦਿੰਦੇ ਹਾਂ। ਅਸੀਂ ਬਾਡੀ ਸ਼ਾਪਸ ਵਿਚ ਜਾਕੇ ਵੀ ਵਿੰਡਸ਼ੀਲਡ ਪਾਉਂਦੇ ਹਾਂ।

AUTO. UPHOLSTERY. GLASS TINTING. SUN ROOF & VINYL ETC.
LOWEST PRICES AND GURANTEED WORK

JASBIR (JAS) RANDHAWA
11651-DEWSBURY DR.
RICHMOND, B.C. V6H 2Y8
PH. (604) 273-9768 (Home)
(604) 649 0444 (pager)

Appointment on Saturday & Sunday

## Kohlis Unisex Hairstylists

$1.00 Off

SPECIAL RATES FOR CHILDREN AND SENIORS
can speak Hindi, Punjabi, Urdu, Gujrati, Greek, Persian and of course English

COLOURS
PERMS ($5.00 OFF)
FACIALS
BEARD TRIM
SHAVE
SCALP TREATMENT
EAR PIERCING
EYE BROW ARCHING
THREADING

6480 VICTORIA DR.
VANCOUVER, B.C.
PHONE 321-5555

STYLIST------------
APPT. ------------
DATE ------------

OPEN 9 a.m. to 9 p.m. EVERY DAY
ALL SERVICES WITH COUPON

Sutton
GROUP

# SUKH SHOKER

Bus: (604) 435 - 9477
Res: (604) 325-1982

## SUTTON GROUP EXCELL REALTY CORP.

an independent member broker

3010 Boundary Road
Burnaby, B. C. Canada
V 5 M 4 A 1

# ਤੂਤਕ ਤੂਤਕ ਤੂਤੀਆਂ...
# ਗੋਰੀ ਨੇ ਸਿੰਘ ਅੜੂੰਗ...
# ਚਾਚੇ ਨੇ ਭਤੀਜੀ ਨ...

ਮੁਆਫ ਕਰਨਾ ਇਹੋ ਜਿਹੀ ਕੋਈ ਘਟਨਾ ਵਾਪਰਨ ਬਾਰੇ ਸਾਨੂੰ ਖਬਰ ਨਹੀਂ ਹੈ। ਅਸੀਂ ਤਾਂ ਸਿਰਫ ਤੁਹਾਡਾ ਧਿਆਨ ਇਸ ਸਫੇ ਵਲ ਖਿੱਚਣ ਲਈ ਇਹ ਸਟੰਟ ਰਚਿਆ ਹੈ। ਜੇ ਤੁਹਾਨੂੰ ਇਹ ਬੁਰਾ ਲੱਗਾ ਹੋਵੇ ਤਾਂ ਖਿਮਾ ਕਰਨਾ।

ਜੇ ਤੁਸੀਂ ਇਹ ਹਥਲਾ ਪਰਚਾ ਚੰਦਾ ਭੇਜ ਕੇ ਮੰਗਵਾਇਆ ਹੈ ਜਾਂ ਖਰੀਦਿਆ ਹੈ ਤਾਂ ਤੁਹਾਨੂੰ ਇਹ ਸਫਾ ਪੜਨ ਦੀ ਲੋੜ ਨਹੀਂ। ਜੇ ਹੋ ਸਕੇ ਤਾਂ ਆਪਣੇ ਕਿਸੇ ਦੋਸਤ/ਦੁਸ਼ਮਣ ਨੂੰ ਇਹ ਸਫਾ ਪੜ੍ਹਾਉਣ ਦੀ ਜਰੂਰ ਕੋਸ਼ਿਸ਼ ਕਰੋ।

ਜੇ ਤੁਸੀਂ ਕਿਸੇ ਧਾਰਮਿਕ ਵਜ੍ਹਾ ਜਾਂ ਜਾਤੀ ਕਾਰਨ ਕਰਕੇ ਪੰਜਾਬੀ ਬੋਲੀ ਤੇ ਸਾਹਿਤ ਨਾਲ ਦਿਲੋ ਇਮਾਨਦਾਰ ਕਿਸਮ ਦੀ ਨਫਰਤ ਕਰਦੇ ਹੋ, ਤਾਂ ਇਹ ਨਫਰਤ ਤੁਹਾਨੂੰ ਮੁਬਾਰਕ, ਤੁਸੀਂ ਵੀ ਬੇਸ਼ੱਕ ਇਸ ਸਫੇ ਨੂੰ ਅੱਗੇ ਨਾ ਪੜੋ।

ਜੇ ਤੁਹਾਡੇ ਖਿਆਲ ਵਿਚ ਕੈਨੇਡਾ ਵਰਗੇ ਮੁਲਕ ਵਿਚ ਜਿਥੇ 'ਅਸੀਂ' ਸਾਰੇ ਡਾਲਰ ਬਣਾ ਕੇ ਆਪਣੀ ਤੇ ਆਪਣੇ ਬੱਚਿਆਂ ਦੀ ਜਿੰਦਗੀ ਸਵਰਗ ਬਣਾਉਣ ਆਏ ਹਾਂ ਤੇ ਸਾਨੂੰ ਪੰਜਾਬੀ ਬੋਲੀ, ਸਾਹਿਤ ਤੇ ਸਭਿਆਚਾਰ, ਸਿਆਸਤ ਵਰਗੇ 'ਫਾਲਤੂ' ਵਿਸ਼ਿਆ ਬਾਰੇ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ', ਤਾਂ ਤੁਸੀਂ ਵੀ ਠੀਕ ਹੋ, ਤੇ ਬੇਸ਼ੱਕ ਇਸ ਸਫੇ ਨੂੰ ਹੋਰ ਅੱਗੇ ਨਾ ਪੜੋ।

ਜੇ ਤੁਸੀਂ ਸਮਝਦੇ ਹੋ ਕਿ ਸਾਹਿਤ, ਜਾਣੀ ਕਿ ਕਵਿਤਾ, ਕਹਾਣੀ, ਨਾਟਕ, ਨਾਵਲ ਆਦਿ ਦਾ ਜਿੰਦਗੀ ਨਾਲ ਕੋਈ ਸਬੰਧ ਨਹੀਂ ਜਾਂ ਹੋਣਾ ਨਹੀਂ ਚਾਹੀਦਾ ਅਤੇ ਤੁਹਾਡੇ ਖਿਆਲ ਵਿਚ 'ਇਹ ਸਿਰ ਫਿਰੇ ਵਿਹਲੇ ਬੰਦਿਆ ਦਾ ਕੰਮ ਹੈ' ਤਾਂ ਜਨਾਬ ਤੁਸੀਂ ਵੀ ਠੀਕ ਹੋ, ਅਤੇ ਇਹ ਸਫਾ ਅੱਗੇ ਨਾ ਪੜੋ ਸ਼ਾਇਦ ਤੁਹਾਡਾ ਸਮਾਂ ਨਸ਼ਟ ਹੋ ਰਿਹਾ ਹੋਵੇ।

ਜੇ ਤੁਸੀਂ ਅਜੇ ਵੀ ਇਹ ਪੜ ਰਹੇ ਹੋ ਤਾਂ ਕੀ ਅਸੀਂ ਇਹ ਸਮਝਣ ਦੀ ਗੁਸਤਾਖੀ ਕਰੀਏ ਕਿ ਤੁਸੀਂ ਸਾਹਿਤ ਨੂੰ ਜਿੰਦਗੀ ਦਾ ਜਰੂਰੀ ਅੰਗ ਸਮਝਦੇ ਹੋ ਅਤੇ ਇਹ ਦੇਖਣ ਦੇ ਚਾਹਵਾਨ ਹੋ ਕਿ ਕੈਨੇਡਾ ਵਿਚ ਵੀ ਪੰਜਾਬੀ ਬੋਲੀ ਤੇ ਸਾਹਿਤ ਪ੍ਰਫੁਲਤ ਹੋਵੇ?

ਜੇ ਇਹ ਗੱਲ ਠੀਕ ਹੈ ਤਾਂ ਯਕੀਨ ਕਰੋ ਕਿ ਤੁਹਾਡੇ ਬਾਰੇ ਜਾਣ ਕੇ ਸਾਨੂੰ ਬੇਹੱਦ ਖੁਸ਼ੀ ਹੋਈ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇਥੇ ਡਾਲਰ ਕਮਾ ਕੇ ਤੇ ਅਖੰਡਪਾਠ ਕਰਾਉਣ ਦੀ ਕਾਹਲ 'ਚ ਭੱਜੀ ਫਿਰਦੀ ਭੀੜ ਵਿਚ, ਸਾਡੀ ਗੱਲ ਸੁਣਨ ਵਾਲਾ ਬੰਦਾ ਕਦੀ ਕਦੀ ਹੀ ਲੱਭਦਾ ਹੈ। ਹੁਣ ਜੇ ਤੁਸੀਂ ਮਿਲੇ ਹੋ ਤਾਂ ਬੁਰਾ ਨਾ ਮਨਾਉਣਾ ਅਸੀਂ ਆਪਣੇ ਕੁਝ ਦੁੱਖ ਸੁੱਖ ਤੁਹਾਡੇ ਨਾਲ ਸਾਂਝੇ ਕਰਨੇ ਚਾਹੁੰਦੇ ਹਾਂ।

ਪੰਜਾਬੀ ਬੋਲੀ ਉਹ ਹੈ ਜਿਸ ਬਾਰੇ ਮਹਾਂ ਕਵੀ ਟੈਗੋਰ ਨੇ ਕਿਹਾ ਸੀ: "ਜਿਸ ਬੋਲੀ ਵਿਚ ਗੁਰੂ ਨਾਨਕ ਤੇ ਬੁਲ੍ਹੇ ਸ਼ਾਹ ਵਰਗਿਆਂ ਕਲਾਮ ਕਿਹਾ ਹੋਵੇ, ਉਸ ਜ਼ਬਾਨ ਨੂੰ ਗਰੀਬ ਕਿਵੇਂ ਕਿਹਾ ਜਾ ਸਕਦਾ ਹੈ।" ਅਮੀਰ ਵਿਰਸੇ ਵਾਲੀ ਇਸ ਅਮੀਰ ਜ਼ਬਾਨ ਬਾਰੇ ਅਸੀਂ ਵੀ ਤੁਹਾਡੇ ਵਾਂਗ ਹੀ ਮਹਿਸੂਸ ਕਰਦੇ ਹਾਂ ਕਿ ਪੰਜਾਬੀ ਬੋਲੀ ਤੇ ਸਾਹਿਤ ਦੀ ਤਰੱਕੀ ਲਈ ਕੈਨੇਡਾ ਵਿਚ ਵੀ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ। ਇਸ ਲਈ ਹੋਰ ਵੀ ਕਈ ਲੋਕ ਮਿਹਨਤ ਕਰਦੇ ਹਨ ਅਸੀਂ ਵੀ ਇਸ ਕੰਮ ਲਈ ਇਹ ਪਰਚਾ ਵਤਨ ਸ਼ੁਰੂ ਕੀਤਾ ਹੈ।

ਸੁਣੋ ਨਵਾਬਜ਼ਾਦਾ ਮਹਿਦੀ ਅਲੀ ਖਾਂ ਸਾਨੂੰ ਪੰਜਾਬ ਦੇ ਪੜ੍ਹਿਆਂ ਨੂੰ ਕੀ ਕਹਿ ਰਿਹਾ ਹੈ: "ਸਾਡੇ ਪੜ੍ਹਿਆਂ ਹੋਇਆਂ ਨੂੰ ਪੰਜਾਬ ਵਿਚ ਪੈਦਾ ਹੋਣ ਉਤੇ ਤਾਂ ਫ਼ਖਰ ਏ ਤੇ ਆਪਣੇ ਦੇਸ਼ ਨਾਲ ਮੁਹੱਬਤ ਵੀ ਏ, ਪਰ ਪੰਜਾਬੀ ਬੋਲੀ ਨਾਲ ਖ਼ਬਰੇ ਕਿਉਂ ਵੈਰ ਏ? ਇਹ ਕੰਮ ਚੰਗਾ ਨਹੀਂ। ਅਸੀਂ ਇਹ ਨਹੀਂ ਆਖਦੇ ਪਈ ਤੁਸੀਂ ਦੂਜੀਆਂ ਜ਼ਬਾਨਾਂ ਛੱਡ ਦਿਓ, ਜਾਂ ਉਹਨਾਂ ਦੀ ਤਰੱਕੀ ਦੀ ਕੋਸ਼ਿਸ਼ ਨਾ ਕਰੋ, ਸਿਰਫ ਇੰਨੀ ਗੱਲ ਏ ਪਈ ਆਪਣੇ ਮਾਂ-ਪਿਓ ਦੀ ਬੋਲੀ ਨੂੰ ਨਹੀਂ ਭੁੱਲਣਾ ਚਾਹੀਦਾ।"

ਉਂਝ ਤਾਂ ਇਹ ਮਾਣ ਦੀ ਗੱਲ ਹੈ ਕਿ ਇਕੱਲੇ ਕੈਨੇਡਾ ਵਿਚ ਹੀ ਸਾਡੀ ਪੰਜਾਬੀਆਂ ਦੀ ਵਸੋਂ ਸਹਿਜੇ ਹੀ ਦੋ ਲੱਖ ਤੋਂ ਉਪਰ ਹੋ ਚੁੱਕੀ ਹੈ ਤੇ ਹੁਣ ਬਹੁਤੇ ਲੋਕ ਸੈਟਲ ਵੀ ਹੋ ਚੁੱਕੇ ਹਨ। ਸਾਡੇ ਵਿਚੋਂ ਵੱਡੀ ਗਿਣਤੀ ਪੜ੍ਹਿਆਂ ਲਿਖਿਆਂ ਦੀ ਹੈ। ਸੁਣਿਆ ਹੈ ਕਿ ਲੁਧਿਆਣੇ ਦੇ ਦੋਂਹ ਕਾਲਜਾਂ ਵਿਚੋਂ ਹੀ ਪੜ੍ਹ ਕੇ ਆਇਆਂ ਦੀ ਬਹੁਤ ਵੱਡੀ ਗਿਣਤੀ ਹੈ। ਪੰਜਾਬ ਦੇ ਹੋਰ ਸ਼ਹਿਰਾਂ ਵਿਚ ਵੀ ਕਾਲਜ ਯੂਨੀਵਰਸਿਟੀਆਂ ਹਨ ਤੇ ਉਹਨਾਂ 'ਚੋਂ ਵੀ ਪੜ੍ਹ ਕੇ ਲੋਕ ਇਥੇ ਆਏ ਹਨ। ਚੰਡੀਗੜ ਤੋਂ ਆਏ ਇਕ ਪੰਜਾਬੀ ਦੇ ਪ੍ਰੋਫੈਸਰ ਕੋਲ ਪੜ੍ਹੇ ਹੀ ਇਸ ਦੇਸ ਵਿਚ ਸੈਂਕੜੇ ਲੋਕ ਹਨ। ਜੇ ਅਸੀਂ ਸਾਰੇ ਮਿਲਾ ਕੇ ਦੇਖੀਏ ਤਾਂ ਪੰਜਾਬੀ ਜ਼ਬਾਨ ਨਾਲ 'ਵਾਸਤਾ' ਰੱਖਣ ਵਾਲੇ ਲੋਕ ਹਜਾਰਾਂ ਦੀ ਗਿਣਤੀ ਵਿਚ ਹੋਣਗੇ। ਇਸ ਕਰਕੇ ਹੋਣਾ ਤਾਂ ਇਹ ਚਾਹੀਦਾ ਹੈ ਕਿ ਹਰ ਪੰਜਾਬੀ ਪਰਚੇ ਦੇ ਵੀਹ ਵੀਹ ਤੀਹ ਤੀਹ ਹਜਾਰ ਪਾਠਕ ਹੋਣ। ਪਰ ਅਸੀਂ ਤਾਂ ਸਿਰਫ ਇਹ ਮੰਗ ਕਰ ਰਹੇ ਹਾਂ ਕਿ ਸਾਰੇ ਕੈਨੇਡਾ ਵਿਚੋਂ ਇਸ ਵਕਤ ਸਾਡਾ ਪੰਜ ਸੌ ਹੀ ਪਾਠਕ ਹੋਵੇ ਤਾਂ ਅਸੀਂ ਬਿਨ੍ਹਾਂ ਕਿਸੇ ਖਾਸ ਮੁਸ਼ਕਲ ਦੇ ਇਹ ਪਰਚਾ ਚਲਦਾ ਰੱਖ ਸਕਦੇ ਹਾਂ। ਤੁਸੀਂ ਕਿਉਂਕਿ ਪੰਜਾਬੀ ਬੋਲੀ ਦੇ ਖੈਰ-ਖੁਆਹ ਹੋ ਇਸ ਲਈ ਤੁਹਾਨੂੰ ਇਹ ਅਪੀਲ ਕਰ ਰਹੇ ਹਾਂ ਕਿ ਤੁਸੀਂ ਚੰਦਾ ਭੇਜ ਕੇ ਇਸਦੇ ਪਾਠਕ ਬਣੋ।

ਪਾਠਕ ਬਣਨ ਤੇ ਲੱਗਦਾ ਵੀ ਕੀ ਹੈ? - ਸਿਰਫ ਬਾਰਾਂ ਡਾਲਰ। ਅਜ ਕੱਲ ਸ਼ਰਾਬ ਦੀ ਕੋਈ ਵੀ ਬੋਤਲ ਪੰਦਰਾਂ ਤੋਂ ਘੱਟ ਨਹੀਂ ਆਉਂਦੀ । ਤੁਸੀਂ ਦੋ ਬੱਚੇ ਤੇ ਆਪਣੀ ਪਤਨੀ/ਆਪਣੇ ਪਤੀ ਨੂੰ ਜੇ ਮੈਕਡਾਨਲਡ ਦੇ ਖਾਣ ਲਈ ਲੈ ਕੇ ਜਾਵੋ ਤਾਂ ਪੰਦਰਾਂ ਡਾਲਰ ਤੱਕ ਲੱਗ ਜਾਂਦੇ ਹਨ। ਆਪਣੀ ਕਾਰ ( ਛੋਟੇ ਤੋਂ ਛੋਟੇ ਟੈਂਕ ਵਾਲੀ ਵੀ ) ਜਦੋਂ ਗੈਸ ਨਾਲ ਭਰਵਾਉਂਦੇ ਹੋ ਤਾਂ ਵੀਹਾਂ ਤੋਂ ਘੱਟ ਨਹੀਂ ਭਰਦੀ। ਕਹਿਣ ਦਾ ਭਾਵ ਕਿ ਪੰਦਰਾਂ ਵੀਹ ਡਾਲਰ ਅਜ ਕੱਲ ਕੋਈ ਇੰਨੀ ਵੱਡੀ ਅਹਿਮੀਅਤ ਨਹੀਂ ਰੱਖਦੇ। ਤੇ ਅਸੀਂ ਪੰਜਾਬੀ ਬੋਲੀ ਦੀ ਪ੍ਰਫੁਲਤਾ ਲਈ ਤੁਹਾਡੇ ਕੋਲੋਂ ਸਿਰਫ ਬਾਰਾਂ ਡਾਲਰ ਮੰਗ ਰਹੇ ਹਾਂ।

ਸਾਨੂੰ ਇਹ ਵੀ ਪਤਾ ਹੈ ਕਿ ਅਸੀਂ ਪੰਜਾਬੀ ਲੋਕ ਬਹੁਤ ਵੱਡੇ ਦਿਲ ਵਾਲੇ ਹਾਂ। ਅਸੀਂ ਕੈਨੇਡਾ ਵਿਚ ਆ ਕੇ ਕਈ ਕਈ ਮਿਲੀਅਨ ਡਾਲਰ ਇਕੱਠੇ ਕਰਕੇ ਹਰ ਸ਼ਹਿਰ, ਹਰ ਪਾਸੇ ਧਾਰਮਿਕ ਕੇਂਦਰ ਉਸਾਰੇ ਹਨ। ਜੇ ਕੋਈ ਸਾਡੇ ਕੋਲ ਕਿਸੇ ਵੀ ਕੰਮ ਲਈ ਫੰਡ ਲੈਣ ਆ ਜਾਵੇ ਤਾਂ ਅਸੀਂ ਕਦੀ ਵੀ ਅਗਲੇ ਨੂੰ ਖਾਲੀ ਨਹੀਂ ਮੋੜਦੇ। ਘਰ ਆਏ ਨੂੰ ਖਾਲੀ ਮੋੜਨਾ ਸਾਡੇ ਲਈ ਤੌਹੀਨ ਹੁੰਦੀ ਹੈ। ਆਪਣੀ 'ਇੱਜ਼ਤ' ਬਚਾਉਣ ਲਈ ਘਰ ਆਏ ਨੂੰ ਕਈ ਵਾਰੀ ਹਜਾਰਾਂ ਡਾਲਰ ਫੰਡ ਵਜੋਂ ਦੇ ਦੇਂਦੇ ਹਾਂ - ਭਾਵੇਂ ਕੀਤੇ ਜਾ ਰਹੇ ਕੰਮ ਨਾਲ ਸਹਿਮਤ ਨਾ ਵੀ ਹੋਈਏ।

ਕਿਰਪਾ ਕਰਕੇ ਮੈਨੂੰ ਹੇਠ ਲਿਖੇ ਪਤੇ 'ਤੇ **'ਵਤਨ'** ਭੇਜਣਾ ਸ਼ੁਰੂ ਕਰ ਦੇਵੋ।

ਨਾਂ ..............................

ਪਤਾ..............................

..............................

..............................

**ਮੈਂ ਚੰਦੇ ਵਜੋਂ ਇਕ ਸਾਲ ☐ (ਚੰਦਾ 12 ਡਾਲਰ) ਦੋ ਸਾਲ ☐ (ਚੰਦਾ 22 ਡਾਲਰ) ਤਿੰਨ ਸਾਲ ☐ (ਚੰਦਾ 33 ਡਾਲਰ) ਦੀ ਚੈਕ ਭੇਜ ਰਿਹਾ/ਰਹੀ ਹਾਂ। ਧੰਨਵਾਦ**

---

→

ਤੇ ਵਤਨ ਦਾ ਸਾਲ ਦਾ ਚੰਦਾ ਸਿਰਫ ਬਾਰਾਂ ਡਾਲਰ ਹੈ।

ਕੀ ਤੁਸੀਂ ਪੰਜਾਬੀ ਬੋਲੀ, ਸਾਹਿਤ, ਸਭਿਆਚਾਰ ਬਾਰੇ ਗੰਭੀਰਤਾ ਨਾਲ ਗੱਲ ਕਰ ਰਹੇ ਪਰਚੇ ਦੀ ਬਾਰਾਂ ਡਾਲਰ ਦੇ ਕੇ ਮੱਦਦ ਕਰ ਸਕਦੇ ਹੋ? ਕੈਨੇਡਾ ਦੇ ਢਾਈ ਲੱਖ ਖਾਂਦੇ ਪੀਂਦੇ ਪੜ੍ਹੇ ਲਿਖੇ ਪੰਜਾਬੀਆਂ ਵਿਚੋਂ ਸਿਰਫ ਪੰਜ ਸੋ ਪੰਜਾਬੀ?

ਸਾਡੀ ਗੱਲ ਸੁਣਨ ਲਈ ਤੁਹਾਡਾ ਬਹੁਤ ਬਹੁਤ ਸ਼ੁਕਰੀਆ।

ਠਹਿਰੋ । ਜਾਣ ਤੋਂ ਪਹਿਲਾਂ ਬਾਬੂ ਫਿਰੋਜ਼ ਦੀਨ ਸ਼ਰਫ ਦੀ ਗੱਲ ਵੀ ਸੁਣਦੇ ਜਾਇਓ:

ਮਿਲੇ ਮਾਨ ਪੰਜਾਬੀ ਨੂੰ ਦੇਸ਼ ਅੰਦਰ, ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ।
ਵਾਰਸ ਸ਼ਾਹ ਤੇ ਬੁਲ੍ਹੇ ਦੇ ਰੰਗ ਅੰਦਰ, ਡੋਬ ਡੋਬ ਕੇ ਜਿੰਦਗੀ ਰੰਗਦਾ ਹਾਂ।
ਰਵ੍ਹਾਂ ਏਥੇ ਤੇ ਯੂ ਪੀ ਵਿਚ ਕਰਾਂ ਗੱਲਾਂ, ਐਸੀ ਅਕਲ ਛਿਕੇ ਤੇ ਟੰਗਦਾ ਹਾਂ।
ਮੈਂ ਪੰਜਾਬੀ, ਪੰਜਾਬ ਦਾ 'ਸ਼ਰਫ' ਸੇਵਕ ਸਦਾ ਖ਼ੈਰ ਪੰਜਾਬੀ ਦੀ ਮੰਗਦਾ ਹਾਂ।

---

## ਗ਼ਜ਼ਲ

ਦਰਸ਼ਨ ਗਿੱਲ

ਕਿੰਨੇ ਬੇਇਤਬਾਰੇ ਲੋਕ।
ਝੂਠ, ਦੰਭ ਦੇ ਮਾਰੇ ਲੋਕ।

ਵਿਚ ਵਿਚਕਾਰ ਜਮਾਤਾਂ ਦੇ
ਕਿੰਨੇ ਖੇਖਨਹਾਰੇ ਲੋਕ।

ਰਿਸ਼ਤਿਆਂ ਦੀਆਂ ਲਾਸ਼ਾਂ ਨੂੰ
ਚੁੱਕੀ ਫਿਰਦੇ ਸਾਰੇ ਲੋਕ।

ਪੂਰਬ ਹੈ ਜਾਂ ਪੱਛਮ ਹੈ
ਚਲਦੇ ਨੇ ਦੋਧਾਰੇ ਲੋਕ।

ਕਣੀਆਂ ਦੀ ਕਿਣ ਮਿਣ ਦੇ ਵਿਚ
ਬੋਲੀਂ, ਕਿੰਨੇ ਖਾਰੇ ਲੋਕ।

ਹੁਬਕੀਂ- ਹੁਬਕੀਂ- ਰੋਣਾ ਏ,
ਦੱਸੀਂ, ਕਿੰਨੇ ਚਾਰੇ ਲੋਕ।

ਕਰਦੇ ਕਤਲ ਮਾਸੂਮਾਂ ਦੇ
ਕਿੰਨ੍ਹੇ ਇਹ ਹੈਂਸਿਆਰੇ ਲੋਕ।

• • • • •


# MINT AUTO BODY LTD.

* Complete Professional Auto Body repairs and Refinishing on all makes and models
* I.C.B.C. claims handled promptly
* Complete framework
* UNI-Body repairs
* All work conditionally guranteed
* Free estimates
* Courtesy cars

ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।

**ਫੋਨ: ਭੁਪਿੰਦਰ(ਬੌਬ) ਸਹੋਤਾ**

**433-1207**

**LANE ST., BURNABY, B.C. V5H 2H5**


---

ਸੋਹਣ ਸਿੰਘ ਪੂੰਨੀ ਦਾ ਲਿਖਿਆ ਕਾਮਾਗਾਟਾ ਮਾਰੂ ਬਾਰੇ ਇਕ ਹੋਰ ਖੋਜ ਭਰਪੂਰ ਲੇਖ ਥਾਂ ਦੀ ਘਾਟ ਕਾਰਨ ਇਸ ਅੰਕ ਵਿਚ ਨਹੀਂ ਦਿੱਤਾ ਜਾ ਸਕਿਆ। ਇਹ ਲੇਖ ਅਗਲੇ ਅੰਕ ਵਿਚ ਛਪੇਗਾ।

# ਪੰਜਾਬੀ ਦੇ ਕੁਝ ਧਿਆਨ ਦੇਣ ਯੋਗ ਪਰਚੇ।

ਜੇ ਤੁਸੀਂ ਆਪਣੀਆਂ ਲੋਕਲ ਅਖਬਾਰਾਂ ਵਿਚ ਪੰਜਾਬ ਬਾਰੇ ਇਕਤਰਫਾ ਅਤੇ ਨਾਹਵਾਚਕ ਜਾਣਕਾਰੀ ਤੇ ਵਿਚਾਰ ਪੜ ਪੜ ਕੇ ਅੱਕ ਚੁੱਕੇ ਹੋ ਤੇ ਤੁਹਾਡੇ ਮਨ ਵਿਚ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਲਿਖਿਆ ਜਾ ਰਹਾ ਉਚਪਾਏ ਦਾ ਸਾਹਿਤ ਪੜਣ, ਦੇਖਣ ਦੀ ਖਾਹਿਸ਼ ਹੈ ਤਾਂ ਹੇਠ ਲਿਖੇ ਪਰਚੇ ਤੁਹਾਡੇ ਲਈ ਕਾਫੀ ਲਾਹੇਵੰਦ ਹੋ ਸਕਦੇ ਹਨ।

ਮੰਚਣ : ਜੇ ਲੋਕਲ ਅਖਬਾਰਾਂ ਦੀ ਮਿਹਰਬਾਨੀ ਨਾਲ ਤੁਸੀਂ ਸਮਝਦੇ ਹੋ ਕਿ ਪੰਜਾਬ ਵਿਚ ਪਿਛਲੇ ਕੁਝ ਵਰ੍ਹਿਆਂ ਵਿਚ ਸਿਰਫ ਕਤਲ ਹੀ ਹੋਏ ਹਨ ਅਤੇ ਲੋਕ ਡਰੇ ਸਹਿਮੇ ਆਪਣੇ ਘਰਾਂ ਵਿਚ ਵੜੇ ਰਹਿੰਦੇ ਹਨ ਜਾਂ ਉਹ ਸਿਰਫ ਧਾਰਮਕ ਸਥਾਨਾਂ ਤੇ ਹੀ ਜੁੜਦੇ ਹਨ ਤਾਂ ਤੁਹਾਨੂੰ ਤ੍ਰੈ ਮਾਸਿਕ ਪਰਚੇ ਮੰਚਣ ਦੇ ਕੁਝ ਅੰਕ ਮੰਗਵਾ ਕੇ ਜਰੂਰ ਪੜਨੇ ਚਾਹੀਦੇ ਹਨ। ਪੰਜਾਬੀ ਦੇ ਰੰਗ ਮੰਚ ਦੀਆਂ ਗਤੀਆਂ ਵਿਧੀਆਂ ਵਿਚ ਆ ਰਹੇ ਇਨਕਲਾਬ ਬਾਰੇ ਪੜ੍ਹ ਕੇ ਤੁਸੀਂ ਹੈਰਾਨ ਹੋ ਜਾਵੋਗੇ। ਹੁਣ ਪੰਜਾਬ ਦੇ ਵੱਡੇ ਸ਼ਹਿਰਾਂ ਵਿਚ, ਜਾਂ ਸਕੂਲਾਂ ਕਾਲਜਾਂ ਵਿਚ ਹੀ ਨਹੀਂ ਪਿੰਡਾਂ ਵਿਚ ਵੀ ਹਰ ਰੋਜ ਪੰਜਾਬੀ ਦੇ ਮੌਲਿਕ ਅਤੇ ਮੌਜੂਦਾ ਸਥਿਤੀਆਂ ਨਾਲ ਦੋ ਚਾਰ ਹੁੰਦੇ ਦਰਜਨਾਂ ਨਾਟਕ ਹੁੰਦੇ ਹਨ। ਇਸ ਪਰਚੇ ਵਿਚ ਇਹਨਾਂ ਨਾਟਕਾਂ ਬਾਰੇ ਵੇਰਵਿਆਂ ਤੋਂ ਬਿਨ੍ਹਾਂ ਰੰਗ ਮੰਚ ਤੇ ਸਭਿਆਚਾਰ ਨਾਲ ਸੰਬੰਧਤ ਮੌਲਿਕ ਅਤੇ ਸੰਜੀਦਾ ਲੇਖ ਛਪਦੇ ਹਨ ਜੋ ਆਪਣੇ ਆਪ ਵਿਚ ਪੰਜਾਬੀ 'ਚ ਪਈ ਨਵੀਂ ਪਿਰਤ ਹੈ।

ਮੰਚਣ ਦਾ ਚੰਦਾ 200 ਰੁਪਏ। ਪਤਾ ਹੈ:

Editors Atamjit and S. K. Varma / 225, Phase 6, Muhali -160055 /Punjab

ਸਿਰਜਣਾ: ਪੰਜਾਬੀ ਦੇ ਗੰਭੀਰ ਸਾਹਿਤ ਤੇ ਸਾਹਿਤਕਾਰਾਂ ਦੇ ਗੰਭੀਰ ਵਿਚਾਰਾਂ ਨੂੰ ਪਾਠਕਾਂ ਤੱਕ ਲੈ ਜਾਣ ਵਾਲਾ ਪਰਚਾ ਹੈ ਜੋ ਪਿਛਲੇ ਤੇਈ ਸਾਲ ਤੋਂ ਪੰਜਾਬੀ ਦੀ ਸੇਵਾ ਕਰ ਰਿਹਾ ਹੈ।

ਸਿਰਜਣਾ ਦਾ ਚੰਦਾ 100 ਰੁਪਏ। ਪਤਾ ਹੈ:

Editor Ragbir Singh / 1728 Sector 43-B / Chandigarh-160036

## ਡਾ: ਸਾਧੂ ਸਿੰਘ ਧਾਮੀ ਨੂੰ ਸਦਮਾ

ਸਤੰਬਰ ਵਿਚ ਕੈਨੇਡਾ ਦੇ ਮੋਢੀ ਪੰਜਾਬੀਆਂ ਬਾਰੇ ਲਿਖੇ ਨਾਵਲ 'ਮਲੂਕਾ' ਦੇ ਲੇਖਕ ਡਾ: ਸਾਧੂ ਸਿੰਘ ਧਾਮੀ ਦੀ ਪਤਨੀ ਉਨ੍ਹਾਂ ਨੂੰ ਸਦਾ ਲਈ ਵਿਛੋੜਾ ਦੇ ਗਏ ਹਨ। ਇਸ ਗਮ ਦੀ ਘੜ੍ਹੀ ਵਿਚ ਅਦਾਰਾ ਵਤਨ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੁੰਦਾ ਹੈ।

ਪ੍ਰੀਤ ਲੜੀ: ਪ੍ਰੀਤ ਲੜੀ ਕਿਸੇ ਪ੍ਰੀਚੇ ਦੀ ਮੁਹਤਾਜ਼ ਨਹੀਂ ਹੈ। ਪੰਜਾਬੀ ਦਾ ਇਹ ਪਰਚਾ ਜੇ ਹੋਰ ਕਿਸੇ ਕਾਰਨ ਕਰਕੇ ਨਹੀਂ ਤਾਂ ਸਿਰਫ ਇਸ ਕਰਕੇ ਚਲਦਾ ਰਹਿਣਾ ਚਾਹੀਦਾ ਹੈ ਕਿ ਇਹ ਇਕੋ ਟੱਬਰ ਦੇ ਤਿੰਨ ਵਧੀਆ ਪੰਜਾਬੀਆਂ - ਸਰਦਾਰ ਗੁਰਬਖਸ਼ ਸਿੰਘ, ਨਵਤੇਜ ਸਿੰਘ ਤੇ ਸਮੀਤ ਸਿੰਘ ਦੀ ਨਿਸ਼ਾਨੀ ਹੈ।

ਪ੍ਰੀਤ ਲੜੀ ਦਾ ਚੰਦਾ 220 ਰੁਪਏ ਹੈ। ਪਤਾ ਹੈ:

Manager Preet Lari / Preet Nagar -143110/ Amritsar, Punjab

ਸਿਰਨਾਵਾਂ: ਚੰਡੀਗੜ ਤੋਂ ਨਿਕਲਣ ਵਾਲਾ ਇਹ ਸਾਹਿਤਕ ਮੈਗਜ਼ੀਨ ਬੜੀ ਤੇਜੀ ਨਾਲ ਆਪਣੀ ਹੋਂਦ ਦਾ ਅਹਿਸਾਸ ਕਰਵਾ ਰਿਹਾ ਹੈ।

ਸਿਰਨਾਵਾਂ ਦਾ ਚੰਦਾ 150 ਰੁਪਏ (?) ਹੈ। ਪਤਾ ਹੈ:

Editor Janak Raj Singh / 1023 Sector 38 B/ Chandigar

**ਇਹਨਾਂ ਪਰਚਿਆਂ ਲਈ ਕੁਝ ਡਾਲਰ ਭੇਜ ਕੇ ਤੁਸੀਂ ਕਦੇ ਵੀ ਉਸ ਤਰ੍ਹਾਂ ਨਿਰਾਸ਼ ਨਹੀਂ ਹੋਵੋਗੇ ਜਿਵੇਂ ਤੁਸੀਂ ਹਰ ਸਨਿਚਰਵਾਰ ਲਾਟਰੀ ਦੀ ਟਿਕਟ ਖ੍ਰੀਦ ਕੇ ਹੁੰਦੇ ਹੋ।**

'ਵਤਨ' ਦੇ ਆਉਣ ਵਾਲੇ ਅੰਕਾਂ ਵਿਚ ਅਸੀਂ ਪੰਜਾਬੀ ਦੇ ਹੋਰ ਮਿਆਰੀ ਪਰਚਿਆਂ ਬਾਰੇ ਸੰਖੇਪ ਜਾਣਕਾਰੀ ਤੇ ਉਹਨਾਂ ਦੇ ਪਤੇ ਪੇਸ਼ ਕਰਦੇ ਰਹਾਂਗੇ।




THINKING OF BUYING OR SELLING REAL ESTATE -CALL US

* ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਤੋਂ ਪਹਿਲਾਂ ਹਮੇਸ਼ਾਂ ਯੋਗ ਰਾਇ ਲਵੋ।
* ਜੇ ਘਰ ਖਰੀਦਣਾ ਹੋਵੇ ਤਾਂ ਅਸੀਂ ਤੁਹਾਡੇ ਪੈਸੇ ਦੀ ਸਹੀ ਵਰਤੋਂ ਕਰਕੇ ਤੁਹਾਨੂੰ ਵਧੀਆ ਘਰ ਲੱਭ ਕੇ ਦਿਆਂਗੇ।
* ਜੇ ਤੁਸੀਂ ਘਰ ਵੇਚਣਾ ਹੋਵੇ ਤਾਂ ਸਹੀ ਕੀਮਤ ਲੈਕੇ ਦੇਵਾਂਗੇ।

ਕਰਮਜੀਤ ਸਿੰਘ ਘੁੰਮਣ ਨੂੰ ਮਿਲੋ ਜਾਂ ਫੋਨ ਕਰੋ।

LIST WITH ME AND HAVE YOUR HOME DISPLAYED ON THE REAL ESTATE CHANNEL.

KARAMJIT SINGH GHUMAN

LAKEVIEW (DELTA) REALTY

7909-120 St,. Delta. PR.#590-3231

Res.583-3492

# ਦੁਨੀਆਂ ਵਿਚ ਭੁੱਖ - ਜਿੰਮੇਵਾਰ ਕੌਣ ?

-ਸੁਖਵੰਤ ਹੁੰਦਲ

ਦੁਨੀਆਂ ਭਰ ਵਿਚ 70 ਕਰੋੜ (700 ਮਿਲੀਅਨ) ਤੋਂ ਉਪਰ ਲੋਕ ਭੁੱਖ ਦਾ ਸ਼ਿਕਾਰ ਹਨ। ਹਰ ਰੋਜ 55000 ਦੇ ਲਗਭਗ ਲੋਕ ਭੁੱਖ ਨਾਲ ਮਰਦੇ ਹਨ। ਇਨ੍ਹਾਂ ਮੌਤਾਂ ਅਤੇ ਇਸ ਭੁੱਖਮਰੀ ਲਈ ਕੌਣ ਜਿੰਮੇਵਾਰ ਹੈ? ਇਸ ਸੁਆਲ ਦੇ ਆਮ ਪ੍ਰਚਲਤ ਜੁਆਬ ਇਹ ਦਿੱਤੇ ਜਾਂਦੇ ਹਨ: ਇਸਦੀ ਮੁੱਖ ਜੜ੍ਹ ਅਣਵਿਕਸਤ ਦੇਸ਼ਾਂ 'ਚ ਵੱਧ ਰਹੀ ਆਬਾਦੀ ਹੈ, ਜਾਂ ਹੱੜ੍ਹ, ਸੋਕਾ, ਕਾਲ ਆਦਿ ਵਰਗੀਆਂ ਕੁਦਰਤੀ ਆਫਤਾਂ। ਕਈ ਜੁਆਬ ਦੇਣ ਵਾਲੇ ਤਾਂ ਇਥੋਂ ਤੱਕ ਵੀ ਚਲੇ ਜਾਂਦੇ ਹਨ ਕਿ ਭੁੱਖਮਰੀ ਦੇ ਜਿੰਮੇਵਾਰ ਭੁੱਖ ਦਾ ਸ਼ਿਕਾਰ ਲੋਕ ਖੁਦ ਹਨ ਕਿਉਂਕਿ ਉਹ ਕੰਮਚੋਰ ਅਤੇ ਨਿਕੰਮੇ ਹਨ ਅਤੇ ਆਪਣੀ ਹਾਲਤ ਸੁਧਾਰਨ ਲਈ ਕੋਈ ਉੱਦਮ ਨਹੀਂ ਕਰਦੇ। ਇਹ ਸਾਰੇ ਜੁਆਬ ਸਚਾਈ ਤੋਂ ਲੱਖਾਂ ਮੀਲ ਦੂਰ ਹਨ। ਦੁਨੀਆਂ 'ਚ ਫੈਲੀ ਇਸ ਭੁੱਖ ਦੇ ਅਸਲੀ ਜਿੰਮੇਵਾਰ ਵਿਕਸਤ ਅਤੇ ਅਮੀਰ ਦੇਸ਼ ਹਨ। ਇਨ੍ਹਾਂ ਦੇਸ਼ਾਂ (ਖਾਸ ਕਰਕੇ ਅਮਰੀਕਾ) ਦੀਆਂ ਸਰਕਾਰਾਂ, ਵੱਡੀਆਂ ਕਾਰਪੋਰੇਸ਼ਨਾਂ, ਅਤੇ ਵੱਡੇ ਵੱਡੇ ਬੈਂਕ ਮਿਲਕੇ ਆਪਣੇ ਫਾਇਦੇ ਲਈ ਜੋ ਪਾਲਸੀਆਂ ਅਪਨਾਉਂਦੇ ਹਨ ਉਹ ਇਸ ਭੁੱਖ ਦਾ ਅਸਲ ਕਾਰਨ ਹਨ। ਇਹ ਲੇਖ ਅਜਿਹੀਆਂ ਪਾਲਸੀਆਂ ਉਪਰੋਂ ਪਰਦਾ ਚੁੱਕਣ ਦਾ ਇਕ ਯਤਨ ਹੈ।

ਇਨ੍ਹਾਂ ਪਾਲਸੀਆਂ ਨੂੰ ਮੋਟੇ ਤੌਰ ਤੇ ਚਾਰ ਨੁਕਤਿਆਂ ਵਿਚ ਵੰਡਿਆ ਜਾ ਸਕਦਾ ਹੈ। ਨੰਬਰ ਇਕ ਤੁਲਨਾਤਮਕ ਲਾਭ (comparitive advantage) ਤੋਂ ਫਾਇਦਾ ਉਠਾਉਣਾ , ਨੰਬਰ ਦੋ ਅੰਤਰਰਾਸ਼ਟਰੀ 'ਫਰੀ ਮਾਰਕੀਟ' 'ਚ ਪੈਦਾਵਾਰ ਵੇਚਣਾ 'ਤੇ ਖਰੀਦਣਾ, ਨੰਬਰ ਤਿੰਨ ਉਤਪਾਦਨ ਵਧਾਉਣਾ, ਨੰਬਰ ਚਾਰ ਕਿਸੇ ਵੀ ਅਜਿਹੀ ਪਾਲਸੀ ਨੂੰ ਜਿਹੜੀ ਸਰਮਾਏਦਾਰੀ ਵਿਕਸਤ ਦੇਸ਼ਾਂ ਦੇ ਹੱਕ ਵਿੱਚ ਨਹੀਂ ਜਾਂਦੀ ਹੋਂਦ ਵਿਚ ਆਉਣ ਤੋਂ ਅਤੇ ਜੇ ਆ ਜਾਵੇ ਤਾਂ ਉਸਨੂੰ ਕਾਮਯਾਬ ਹੋਣ ਤੋਂ ਰੋਕਣਾ।

ਤੁਲਨਾਤਮਕ ਲਾਭ ਦੀ ਥਿਊਰੀ ਦਾ ਸਾਰੰਸ਼ ਇਹ ਹੈ ਕਿ ਵੱਖਰ ਵੱਖਰੇ ਮੁਲਕ ਉਹ ਚੀਜਾਂ ਪੈਦਾ ਕਰਨ ਜੋ ਉਹ ਆਪਣੀਆਂ ਭੂਗੋਲਿਕ ਅਤੇ ਆਰਥਿਕ ਹਾਲਤਾਂ ਕਰਕੇ ਸਸਤੀਆਂ ਪੈਦਾ ਕਰ ਸਕਦੇ ਹਨ ਅਤੇ ਦੂਜੇ ਦੇਸ਼ਾਂ ਨੂੰ ਨਿਰਯਾਤ ਕਰਨ ਅਤੇ ਬਾਕੀ ਵਸਤਾਂ ਦੂਜੇ ਦੇਸ਼ਾਂ ਤੋਂ ਆਯਾਤ ਕਰਨ। ਉਦਹਾਰਣ ਲਈ ਸਾਊਥ ਅਮਰੀਕਾ ਦੇ ਦੇਸ਼ ਅਮਰੀਕਾ ਲਈ ਕਾਫੀ ਪੈਦਾ ਕਰਨ ਅਤੇ ਇਸਨੂੰ ਵੇਚ ਕੇ ਮਿਲੀ ਵਿਦੇਸ਼ੀ ਮੁਦਰਾ ਨਾਲ ਵਿਕਸਤ ਦੇਸ਼ਾਂ ਖਾਸ ਕਰਕੇ ਅਮਰੀਕਾ ਤੋਂ ਅਨਾਜ ਅਤੇ ਹੋਰ ਸਨਅਤੀ ਵਸਤਾਂ ਮੰਗਵਾਉਣ। ਇਸ ਨਾਲ ਅਣਵਿਕਸਤ ਦੇਸ਼ਾਂ ਦੀ ਗਰੀਬੀ ਦੂਰ ਹੋ ਸਕਦੀ ਹੈ ਅਤੇ ਸਿੱਟੇ ਵਜੋਂ ਭੁੱਖ। ਦੇਖਣ ਨੂੰ ਇਸ ਥਿਊਰੀ ਵਿਚ ਕੋਈ ਨੁਕਸ ਨਹੀਂ ਲਗਦਾ। ਸੱਭ ਦੇ ਫਾਇਦੇ ਦੀ ਗੱਲ ਲਗਦੀ ਹੈ। ਪਰ ਅੰਕੜੇ ਹੋਰ ਹੀ ਗੱਲ ਦਸਦੇ ਹਨ:

-ਅੱਸੀਵਿਆਂ ਦੇ ਅੱਧ ਵਿਚ ਬਰਾਜ਼ੀਲ ਵਿਚ ਖੇਤੀ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨ ਨਾਲ ਬਰਾਜ਼ੀਲ ਦੁਨੀਆਂ ਵਿਚ ਖੇਤਾਂ 'ਚ ਹੋਈ ਪੈਦਾਵਰ ਦੇ ਨਿਰਯਾਤ ਵਿਚ ਅਮਰੀਕਾ ਤੋਂ ਬਾਅਦ ਦੂਜੇ ਨੰਬਰ ਤੇ ਹੋ ਗਿਆ। ਸੱਤਰਵਿਆਂ ਦੇ ਅਖੀਰ ਤੇ ਸੋਇਆਬੀਨ ਬਰਾਜ਼ੀਲ ਚੋਂ ਬਾਹਰ ਜਾਣ ਵਾਲੀ ਨੰਬਰ ਇਕ ਫਸਲ ਸੀ। ਪਰ ਇਨ੍ਹਾਂ ਹੀ ਸਮਿਆਂ ਵਿਚ ਬਰਾਜ਼ੀਲ ਵਿਚ ਭੁੱਖ ਦਾ ਸ਼ਿਕਾਰ ਲੋਕਾਂ ਵਿਚ ਵੱਡੀ ਗਿਣਤੀ ਵਿਚ ਵਾਧਾ ਹੋਇਆ। ਵੀਹ ਸਾਲ ਪਹਿਲਾਂ ਬਰਾਜ਼ੀਲ ਵਿਚ ਭੁੱਖਮਰੀ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਕੁਲ ਅਬਾਦੀ ਦਾ ਤੀਜਾ ਹਿੱਸਾ ਸੀ ਪਰ ਅੱਸੀਵਿਆਂ ਵਿਚ ਇਹ ਵੱਧ ਕੇ ਦੋ ਤਿਹਾਈ ਹੋ ਗਈ।

-ਸੱਤਰ ਤੋਂ ਬਾਅਦ ਥਾਈਲੈਂਡ ਜਾਨਵਰਾਂ ਦੀ ਖੁਰਾਕ ਵਿਚ ਵਰਤੇ ਜਾਂਦੇ 'ਕਸਾਵੇ' ਦੇ ਨਿਰਯਾਤ ਵਿਚ ਦੁਨੀਆਂ ਦੇ ਪ੍ਰਮੁੱਖ ਦੇਸ਼ਾਂ ਵਿਚ ਇਕ ਹੈ। ਸੱਤਰਵਿਆਂ ਦੇ ਦੂਜੇ ਅੱਧ ਵਿਚ ਥਾਈਲੈਂਡ ਤੋਂ ਫਲਾਂ ਅਤੇ ਪੋਲਟਰੀ ਨਾਲ ਸਬੰਧਤ ਵਸਤਾਂ ਦੇ ਨਿਰਯਾਤ ਵਿਚ ਹਰ ਸਾਲ ਤਿੰਨ ਗੁਣਾਂ ਵਾਧਾ ਹੁੰਦਾ ਰਿਹਾ ਹੈ। ਪਰ ਸਕੂਲ ਜਾਣ ਦੀ ਉਮਰ ਤੋਂ ਛੋਟੇ ਬੱਚਿਆਂ ਦੀ ਅੱਧੀ ਗਿਣਤੀ ਨੂੰ ਪੂਰੀ ਖੁਰਾਕ ਨਹੀਂ ਮਿਲਦੀ ਅਤੇ ਨਤੀਜੇ ਵਜੋਂ ਹਰ ਸਾਲ 50000 ਬੱਚੇ ਮਰ ਜਾਂਦੇ ਹਨ।

-ਸਤੱਰਵਿਆਂ ਵਿਚ ਅਫਰੀਕਾ ਦੇ 13 ਦੇਸ਼ਾਂ, ਜਿਨ੍ਹਾਂ ਵਿਚ ਇਥੋਪੀਆ, ਜਾਇਰੇ, ਅਤੇ ਯੁਗਾਂਡਾ ਸ਼ਾਮਲ ਹਨ, ਵਿਚੋਂ ਕਾਫੀ ਦੇ ਨਿਰਯਾਤ ਵਿਚ ਚਾਰ ਗੁਣਾਂ ਵਾਧਾ ਹੋਇਆ ਹੈ। ਪਰ ਇਨ੍ਹਾਂ ਦੇਸ਼ਾਂ ਵਿਚ ਭੁੱਖਮਰੀ ਦੀ ਸੱਮਸਿਆ ਕਿਸੇ ਤੋਂ ਗੁੱਝੀ ਨਹੀਂ।

ਇਹ ਸਨ ਕੁਝ ਕਹਾਣੀਆਂ ਜੋ ਇਸ ਅਸਲ ਜਿੰਦਗੀ ਵਿਚ ਇਸ ਥਿਊਰੀ ਦੇ ਨਤੀਜਿਆਂ ਬਾਰੇ ਦਸਦੀਆਂ ਹਨ। ਹੁਣ

ਇਸ ਲੇਖ ਵਿਚ ਵਰਤੀ ਜਾਣਕਾਰੀ ਹੇਠ ਲਿਖੀਆਂ ਕਿਤਾਬਾਂ ਵਿਚੋਂ ਲਈ ਗਈ:

ਜਾਰਜ਼, ਸੂਜਨ। ਹਾਉ ਦੀ ਅਦਰ ਆਫ ਡਾਇਜ਼: ਦੀ ਰੀਅਲ ਰੀਜ਼ਨ ਫਾਰ ਵਰਲਡ ਹੰਗਰ। ਲੰਡਨ: ਪੈਂਗੁਅਨ ਬੁਕਸ, 1976।

ਲੈਪੇਅ, ਫਰਾਂਸਿਸ ਮੂਰ ਅਤੇ ਜੋਸਿਫ ਕਾਲਿਨਜ਼। ਵਰਲਡ ਹੰਗਰ: ਟ੍ਵੈਲਵ ਮਿੱਥਸ। ਨਿਊ ਯਾਰਕ: ਗਰੋਵ ਪ੍ਰੈਸ, 1986।

ਵਾਰਨੋਕ, ਜੋਹਨ ਡਵਲਿਊ। ਦੀ ਪਾਲੀਟਿਕਸ ਆਫ ਹੰਗਰ। ਟਰਾਂਟੋ: ਮੈਥਿਊਨ, 1987।

ਆਪਾਂ ਇਹ ਦੇਖਾਂਗੀ ਕਿ ਇਹ ਨਿਰਯਾਤੀ ਫਸਲਾਂ (ਨਿਰਯਾਤ ਕਰਕੇ ਵਿਦੇਸ਼ੀ ਮੁਦਰਾ ਕਮਾਉਣ ਵਾਲੀਆਂ ਫਸਲਾਂ ਨੂੰ ਕੈਸ਼ ਕਰਾਪ ਜਾਂ ਨਿਰਯਾਤੀ ਫਸਲਾਂ ਦਾ ਨਾਂ ਦਿੱਤਾ ਗਿਆ ਹੈ। ਕੁੱਝ ਉਦਾਹਰਣਾ:ਕਾਫੀ,ਚਾਹ, ਖੰਡ,ਕੇਲੇ, ਮੂੰਗਫਲੀ, ਕਪਾਹ,ਫੁੱਲ, ਰਬੜ ਆਦਿ) ਅਣਵਿਕਸਤ ਦੇਸ਼ਾਂ ਵਿਚ ਕਿਸ ਤਰ੍ਹਾਂ ਅਤੇ ਕਿਸ ਤਰ੍ਹਾਂ ਦੇ ਅਸਰ ਪਾਉਂਦੀਆਂ ਹਨ ਅਤੇ ਇਨ੍ਹਾਂ ਤੋਂ ਕੌਣ ਫਾਇਦਾ ਉਠਾਉਂਦਾ ਹੈ। ਪਰ ਇਸ ਤੋਂ ਪਹਿਲਾਂ ਇਹ ਦਸ ਦੇਣਾ ਠੀਕ ਰਹੇਗਾ ਕਿ ਨਿਰਯਾਤੀ ਫਸਲਾਂ ਉਗਾਉਣ ਦਾ ਪ੍ਰਬੰਧ ਕੋਈ ਨਵਾਂ ਪ੍ਰਬੰਧ ਨਹੀਂ। ਇਸਦੀਆਂ ਜੜ੍ਹਾਂ ਬਸਤੀਵਾਦ ਨਾਲ ਸੰਬਧਤ ਹਨ। ਅੱਜ ਦੇ ਅਣਵਿਕਸਤ ਦੇਸ਼ਾਂ ਵਿਚੋਂ ਬਹੁਗਿਣਤੀ ਉਨ੍ਹਾਂ ਦੇਸ਼ਾਂ ਦੀ ਹੈ ਜੋ ਕਿਸੇ ਨਾ ਕਿਸੇ ਸਾਮਰਾਜੀ ਦੇਸ਼ ਦੀ ਬਸਤੀ ਰਹੇ ਹਨ। ਅਤੇ ਇਹ ਬਸਤੀਵਾਦੀ ਮੁਲਕ ਆਪਣੀਆਂ ਸਨਅਤਾਂ ਨੂੰ ਚਾਹੀਦੇ ਕੱਚੇ ਮਾਲ ਦੀ ਲੋੜ ਪੂਰੀ ਕਰਨ ਲਈ ਇਨ੍ਹਾਂ ਬਸਤੀਆਂ ਦੀ ਖੇਤੀ ਨੂੰ ਆਪਣੀਆਂ ਲੋੜਾਂ ਮੁਤਾਬਕ ਢਾਲਦੇ ਰਹੇ ਹਨ। ਜਿਵੇਂ ਇੰਗਲੈਂਡ ਦੇ ਕਪੜੇ ਦੇ ਕਾਰਖਾਨਿਆਂ ਦੀ ਲੋੜ ਪੂਰੀ ਕਰਨ ਲਈ ਕਪਾਹ ਹਿੰਦੁਸਤਾਨ ਦੇ ਖੇਤਾਂ ਵਿਚ ਉੱਗਦੀ ਰਹੀ ਹੈ। ਅੱਜ ਭਾਵੇਂ ਬਹੁਤੇ ਅਣਵਿਕਸਤ ਦੇਸ਼ ਬਸਤੀਵਾਦੀ ਜਕੜ ਤੋਂ ਆਪਣਾ ਖਹਿੜਾ ਛੁਡਾ ਚੁੱਕੇ ਹਨ ਪਰ ਆਰਥਿਕ ਕਾਰਨਾ ਕਰਕੇ ਉਹ ਅੱਜ ਵੀ ਇਨ੍ਹਾਂ ਵਿਕਸਤ ਦੇਸ਼ਾਂ ਦੀਆਂ ਬਸਤੀਆਂ ਹੀ ਹਨ। ਅੱਜ ਵੀ ਅਣਵਿਕਸਤ ਦੇਸ਼ ਨਿਰਯਾਤੀ ਫਸਲਾਂ ਦੀ ਸਕੀਮ ਅਧੀਨ ਉਹ ਹੀ ਫਸਲਾਂ ਉਗਾਉਂਦੇ ਹਨ ਜਿਨ੍ਹਾਂ ਦੀ ਇਨ੍ਹਾਂ ਵਿਕਸਤ ਦੇਸ਼ਾਂ ਵਿਚ ਲੋੜ ਹੁੰਦੀ ਹੈ। ਇਸ ਮੁੱਦੇ ਬਾਰੇ ਵਿਸਥਾਰ ਵਿਚ ਗਲ ਅੱਗੇ ਜਾ ਕੇ ਕਰਾਂਗੀ ਪਹਿਲਾਂ ਨਿਰਯਾਤੀ ਫਸਲਾਂ ਦੇ ਹੋਰ ਅਸਰਾਂ ਬਾਰੇ ਗੱਲ ਕਰ ਲਈਏ।

ਨਿਰਯਾਤੀ ਫਸਲਾਂ ਅਣਵਿਕਸਤ ਦੇਸ਼ਾਂ ਲਈ ਵਿਦੇਸ਼ੀ ਮੁਦਰਾ ਕਮਾਉਣ ਦਾ ਵੱਡਾ ਸਾਧਨ ਹੁੰਦੀਆਂ ਹਨ। ਵਿਦੇਸ਼ੀ ਮੁਦਰਾ ਦੀ ਇਨ੍ਹਾਂ ਦੇਸ਼ਾਂ ਨੂੰ ਸਦਾ ਹੀ ਤੋਟ ਰਹਿੰਦੀ ਹੈ। ਇਸ ਲਈ ਇਹ ਦੇਸ਼ ਨਿਰਯਾਤੀ ਫਸਲਾਂ ਉਗਾਉਣ ਲਈ ਪੂਰਾ ਜੋਰ ਲਾਉਂਦੇ ਹਨ। ਇਹ ਫਸਲਾਂ ਉਗਾਉਣ ਵਾਲਿਆਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਜਾਂਦੀਆ ਹਨ ਜਿਵੇਂ ਕੀਟਨਾਸ਼ਕ ਦਵਾਈਆਂ, ਖਾਦਾਂ ਆਦਿ ਖਰੀਦਣ ਲਈ ਸਹੂਲਤਾਂ, ਸਸਤੀਆਂ ਦਰਾਂ ਤੇ ਕਰਜੇ ਆਦਿ ਦੇਣਾ। ਇਸ ਤਰ੍ਹਾਂ ਦੇਸ਼ ਦੀ ਵੱਧੀਆ ਖੇਤੀਯੋਗ ਧਰਤੀ ਇਨ੍ਹਾਂ ਫਸਲਾਂ ਉਗਾਉਣ ਲਈ ਵਰਤੀ ਜਾਣ ਲਗਦੀ ਹੈ। ਜਿਵੇਂ ਫਿਲਪਾਈਨ ਦੀ 55 ਪ੍ਰਤੀਸ਼ਤ ਧਰਤੀ, ਮਾਰੂਸ਼ਿਅਸ ਦੀ 80 ਪ੍ਰਤੀਸ਼ਤ ਧਰਤੀ ਇਹ ਫਸਲਾਂ ਉਗਾਉਣ ਲਈ ਵਰਤੀ ਜਾਂਦੀ ਹੈ। ਸੈਨਿਗਲ ਦੀ ਅੱਧੀ ਖੇਤੀਯੋਗ ਧਰਤੀ ਸਿਰਫ ਮੂੰਗਫਲੀ ਉਗਾਉਣ ਲਈ ਹੀ ਵਰਤੀ ਜਾਂਦੀ ਹੈ। ਨਤੀਜੇ ਵਜੋਂ ਉਹ ਫਸਲਾਂ (ਜਿਵੇਂ ਮੱਕੀ, ਬਾਜਰਾ, ਕਸਾਵਾ, ਦਾਲਾਂ, ਕਣਕ, ਆਦਿ) ਜਿਹੜੀਆਂ ਅਨਾਜ ਦੀ ਲੋੜ ਨੂੰ ਪੂਰੀਆਂ ਕਰਦੀਆਂ ਹਨ ਅਣਗਹਿਲੀ ਦਾ ਸ਼ਿਕਾਰ ਹੁੰਦੀਆਂ ਹਨ। ਇਹੀ ਕਾਰਨ ਹੈ ਕਿ ਬਹੁਤੇ ਗਰੀਬ ਅਣਵਿਕਸਤ ਦੇਸ਼ ਖਾਣ ਪੀਣ ਵਾਲੀਆਂ ਵਸਤਾਂ ਦੇ ਆਯਾਤ ਦੇ ਮੁਕਾਬਲੇ ਨਿਰਯਾਤ ਜਿਆਦਾ ਕਰਦੇ ਹਨ। ਅਕਤੂਬਰ 1983 ਵਿਚ 'ਫੂਡ ਅਤੇ ਐਗਰੀਕਲਚਰਲ ਐਸੋਸੀਏਸ਼ਨ" ਤੋਂ ਅਨਾਜ ਲਈ ਮੱਦਦ ਮੰਗਣ ਵਾਲੇ 22 ਦੇਸ਼ਾਂ ਵਿਚੋਂ ਬਹੁਤੇ ( ਜਿਨ੍ਹਾਂ ਵਿਚ ਜ਼ਿੰਮਬਾਵਵੇ, ਤਨਜਾਨੀਆ, ਈਥੋਪੀਆ, ਘਾਨਾ, ਚੈਡ, ਅਤੇ ਸੈਂਟਰਲ ਅਫੀਰਕਨ ਰੀਪਬਲਿਕ ਸ਼ਾਮਲ ਹਨ) ਉਹ ਦੇਸ਼ ਸਨ ਜਿਨ੍ਹਾਂ ਨੇ ਖਾਣ ਵਾਲੀਆਂ ਵਸਤਾਂ ਦੇ ਆਯਾਤ ਦੇ ਮੁਕਾਬਲੇ ਨਿਰਯਾਤ ਜਿਆਦਾ ਕੀਤਾ ਸੀ। 1979-81 ਦੌਰਾਨ ਹਿੰਦੁਸਤਾਨ ਅਤੇ ਪਾਕਿਸਤਾਨ ਨੇ ਵੀ ਖੇਤਾਂ ਚੋਂ ਹੋਈ ਪੈਦਾਵਰ ਦਾ ਆਯਾਤ ਦੇ ਮੁਕਾਬਲੇ ਨਿਰਯਾਤ ਜਿਆਦਾ ਕੀਤਾ ਹੈ। 1974 ਦੇ ਕਾਲ ਸਮੇਂ ਸੈਨਿਗਲ ਨੂੰ ਅਨਾਜ ਦੀ ਮਦਦ ਲੈ ਕੇ ਜਾਣ ਵਾਲੇ ਸਮੁੰਦਰੀ ਜਹਾਜ ਉੱਥੋਂ ਮੂੰਗਫਲੀ, ਕਪਾਹ, ਸਬਜੀਆਂ ਅਤੇ ਮੀਟ ਨਾਲ ਭਰੇ ਯੂਰਪ ਨੂੰ ਮੁੜਦੇ ਸਨ। ਹਵਾਈ ਜਹਾਜ ਹਰੀਆਂ ਫਲੀਆਂ, ਹਦਵਾਣਿਆਂ, ਟਮਾਟਰਾਂ, ਬੈਂਗਣਾਂ ਅਤੇ ਸਟਰਾਬਰੀਆਂ ਯੂਰਪ ਨੂੰ ਢੋਂਦੇ ਸਨ। ਸੋਕੇ ਦਾ ਇਨ੍ਹਾਂ ਫਸਲਾਂ ਤੇ ਕੋਈ ਅਸਰ ਨਹੀਂ ਸੀ। ਈਥੋਪੀਆ ਦੇ 1974 ਅਤੇ 1984 ਦੇ ਕਾਲਾਂ ਸਮੇਂ ਕਾਫੀ, ਮੀਟ, ਖੰਡ, ਫਲ ਅਤੇ ਸਬਜੀਆਂ ਯੂਰਪ ਪਹੁੰਚਦੀਆਂ ਰਹੀਆਂ ਹਨ।

ਨਿਰਯਾਤੀ ਫਸਲਾਂ ਉਗਾਉਣ ਵਾਲੇ ਦੇਸ਼ਾ ਦਾ ਇਨ੍ਹਾਂ ਫਸਲਾਂ ਦੀ ਅੰਤਰਰਾਸ਼ਟਰੀ ਕੀਮਤ ਤੇ ਕੋਈ ਕੰਟਰੋਲ ਨਹੀਂ। ਉਨ੍ਹਾਂ ਨੂੰ ਜੋ ਮਿਲੇ ਉਹ ਹੀ ਸਵੀਕਾਰ ਕਰਨਾ ਪੈਂਦਾ ਹੈ। 1950 ਤੋਂ ਬਾਅਦ ਅਗਲੇ 20 ਸਾਲਾਂ ਵਿੱਚ ਇਨ੍ਹਾਂ ਫਸਲਾਂ ਦੀ ਪੈਦਾਵਾਰ ਵਿਚ 30 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਪਰ ਉਨ੍ਹਾਂ ਦੀ ਕੀਮਤ ਵਿਚ ਅਸਲ ਵਾਧਾ ਸਿਰਫ 4 ਪ੍ਰਤੀਸ਼ਤ ਹੋਇਆ ਹੈ। 1963 ਵਿਚ ਤਨਜਾਨੀਆਂ ਨੂੰ ਇਕ ਟਰੈਕਟਰ ਖਰੀਦਣ ਲਈ ਪੰਜ ਟਨ ਸਿਸਲ ( ਰੱਸੇ ਬਨਾਉਣ ਦੇ ਕੰਮ ਆਉਣ ਵਾਲਾ ਇਕ ਰੇਸ਼ਾ) ਪੈਦਾ ਕਰਨਾ ਪੈਂਦਾ ਸੀ ਪਰ 1970 ਵਿੱਚ ਉਹ ਹੀ ਟਰੈਕਟਰ ਖਰੀਦਣ ਲਈ ਉਨ੍ਹਾਂ ਨੂੰ 10 ਟਨ 'ਸਿਸਲ' ਪੈਦਾ ਕਰਨਾ ਪੈਂਦਾ ਹੈ। ਇਸੇ ਤਰ੍ਹਾਂ ਇਕ ਰਬੜ ਪੈਦਾ ਕਰਨ ਵਾਲੇ ਦੇਸ਼ ਨੂੰ 1960 ਵਿਚ 6 ਟਰੈਕਟਰ ਲੈਣ ਲਈ 25 ਟਨ ਰਬੜ ਪੈਦਾ ਕਰਨੀ ਪੈਂਦੀ ਸੀ ਪਰ ਸੱਤਰਵਿਆਂ ਵਿਚ ਉਹ 25 ਟਨਾਂ ਨਾਲ ਸਿਰਫ 2 ਟਰੈਕਟਰ ਹੀ ਖਰੀਦ ਸਕਦੇ ਸਨ। 'ਫੂਡ ਅਤੇ ਐਗਰੀਕਲਚਰਲ ਐਸੋਸੀਏਸ਼ਨ' ਵਲੋਂ 1982 ਵਿਚ ਕੀਤੀ

ਇਕ 'ਸਟੱਡੀ' ਮੁਤਾਬਕ ਇਹ ਫਸਲਾਂ 1960 ਦੇ ਮੁਕਾਬਲੇ ਸਸਤੇ ਭਾਅ ਵਿਕਦੀਆਂ ਹਨ। ਇਸ ਤਰ੍ਹਾਂ ਨਿਰਯਾਤੀ ਫਸਲਾਂ ਉਗਾਉਣ ਦੇ ਪ੍ਰਬੰਧ ਨੇ ਅਣਵਿਕਸਤ ਦੇਸ਼ਾਂ ਨੂੰ ਮੰਗਤੇ ਬਣਾ ਕੇ ਰੱਖ ਦਿੱਤਾ ਹੈ।

ਨਿਰਯਾਤੀ ਫਸਲਾਂ ਨਾਲ ਹੋਣ ਵਾਲੀ ਆਮਦਨ ਦਾ ਬਹੁਤਾ ਹਿੱਸਾ ਉਸ ਦੇਸ਼ ਤੋਂ ਬਾਹਰ ਚਲੇ ਜਾਂਦਾ ਹੈ। ਬਹੁਤੇ ਦੇਸ਼ਾਂ ਵਿਚ ਇਹ ਫਸਲਾਂ ਵੱਡੇ ਵੱਡੇ ਫਾਰਮਾਂ ਵਿਚ ਉਗਾਈਆਂ ਜਾਂਦੀਆਂ ਹਨ। ਅਤੇ ਇਨ੍ਹਾਂ ਫਾਰਮਾਂ ਦੀ ਮਲਕੀਅਤ ਵੱਡੀਆਂ ਵੱਡੀਆਂ ਅੰਤਰਰਾਸ਼ਟਰੀ ਕੰਪਨੀਆਂ ਕੋਲ ਹੈ। ਅਤੇ ਆਮਦਨ ਦਾ ਵੱਡਾ ਹਿੱਸਾ ਇਹ ਕੰਪਨੀਆਂ ਲੈ ਜਾਂਦੀਆਂ ਹਨ। ਇਕ ਸਟੱਡੀ ਮੁਤਾਬਕ ਦੱਖਣੀ ਅਤੇ ਕੇਂਦਰੀ ਅਮਰੀਕਾ ਦੇ ਕੇਲਾ ਉਗਾਉਣ ਵਾਲੇ ਦੇਸ਼ਾਂ ਵਿਚ ਕੇਲਿਆਂ ਦੀ ਫਸਲ ਤੋਂ ਹੋਣ ਵਾਲੀ ਆਮਦਨ ਦਾ ਸਿਰਫ 11 ਪ੍ਰਤੀਸ਼ਤ ਹਿੱਸਾ ਹੀ ਦੇਸ਼ ਅੰਦਰ ਰਹਿੰਦਾ ਹੈ। ਇਸ ਨਾਲ ਦੇਸ਼ ਦੇ ਵਿਕਾਸ (ਖੇਤੀਬਾੜੀ ਅਤੇ ਸਨਅਤੀ) ਵਿਚ ਰੋਕ ਲਗਦੀ ਹੈ। ਕਿਉਂਕਿ ਪੱਛਮੀ ਦੇਸ਼ਾਂ ਦੇ ਵਿਕਾਸ ਦਾ ਇਤਿਹਾਸ ਦਸਦਾ ਹੈ ਕਿ ਉਨ੍ਹਾਂ ਦੇ ਵਿਕਾਸ ਵਿਚ ਖੇਤੀਬਾੜੀ ਦੇ ਸੈਕਟਰ 'ਚੋਂ ਹੋਣ ਵਾਲੀ ਵਾਧੂ (surplus income) ਆਮਦਨ ਦਾ ਬਹੁਤ ਵੱਡਾ ਹਿੱਸਾ ਸੀ। ਪਰ ਦੱਖਣੀ ਅਤੇ ਕੇਂਦਰੀ ਅਮਰੀਕਾ ਦੇ ਕੇਲੇ ਉਗਾਉਣ ਵਾਲੇ ਇਨ੍ਹਾਂ ਦੇਸ਼ਾਂ ਵਿਚ ਇਹ ਆਮਦਨ ਦੇਸ਼ ਤੋਂ ਬਾਹਰ ਜਾ ਰਹੀ ਹੈ ਅਤੇ ਸਨਅਤੀ ਵਿਕਾਸ ਵਿਚ ਨਹੀਂ ਲਗ ਰਹੀ ਹੈ। ਇਸ ਲਈ ਇਨ੍ਹਾਂ ਦੇਸ਼ਾਂ ਦੀ ਅਬਾਦੀ ਲਈ ਸਨਅਤੀ ਨੌਕਰੀਆਂ ਨਹੀਂ ਪੈਦਾ ਹੋ ਰਹੀਆਂ। ਉਨ੍ਹਾਂ ਦੀ ਆਮਦਨ ਵਿਚ ਵਾਧਾ ਨਹੀਂ ਹੋ ਰਿਹਾ ਜਿਸ ਨਾਲ ਉਨ੍ਹਾਂ ਦੀ ਖਰੀਦ ਸ਼ਕਤੀ ਨਹੀਂ ਵਧ ਰਹੀ ਜਿਸ ਕਾਰਨ ਉਹ ਅੰਤਰਰਾਸ਼ਟਰੀ ਅਨਾਜ ਦੀ ਮਾਰਕਿਟ ਦੇ ਭਾਅ ਵਿਕਸਤ ਦੇਸ਼ਾਂ ਤੋਂ ਆਯਾਤ ਕੀਤਾ ਅਨਾਜ ਖਰੀਦਣ ਤੋਂ ਅਸਮਰਥ ਹਨ ਅਤੇ ਭੁੱਖੇ ਰਹਿ ਰਹੇ ਹਨ।

ਨਿਰਯਾਤੀ ਫਸਲਾਂ ਉਗਾਉਣ ਦਾ ਪ੍ਰਬੰਧ ਅਨਾਜ ਉਗਾਉਣ ਦੇ ਸਾਧਨਾਂ ਅਤੇ ਪੈਦਾ ਹੋ ਚੁੱਕੇ ਅਨਾਜ ਨੂੰ ਅੰਜਾਈ ਗਵਾਉਣ ਵਿਚ ਵੱਡਾ ਹਿੱਸਾਪਾਉਂਦਾ ਹੈ। ਇਸਦੀ ਸੱਭ ਤੋਂ ਵਧੀਆ ਉਦਾਹਰਣ ਮੀਟ ਪੈਦਾ ਕਰਨ ਦੀ ਹੈ। ਦੱਖਣੀ ਅਮਰੀਕਾ ਦੀ ਉਪਜਾਊ ਜ਼ਮੀਨ ਦਾ ਵੱਡਾ ਹਿੱਸਾ ਹੁਣ ਮੀਟ ਪੈਦਾ ਕਰਨ ਲਈ ਗਾਈਆਂ ਦੀ ਚਾਰਗਾਹਾਂ ਲਈ ਵਰਤਿਆ ਜਾ ਰਿਹਾ ਹੈ। ਅੰਕੜੇ ਦਸਦੇ ਹਨ ਕਿ ਜੇ ਇਕ ਏਕੜ ਧਰਤੀ ਵਿਚ ਮੱਕੀ ਬੀਜੀ ਜਾਵੇ ਤਾਂ ਸਾਲ ਵਿਚ 1200 ਪੌਂਡ ਮੱਕੀ ਪੈਦਾ ਹੁੰਦੀ ਹੈ ਅਤੇ ਜੇ ਇਸ ਇਕ ਏਕੜ ਵਿਚ ਮੀਟ ਲਈ ਗਾਈਆਂ ਰੱਖੀਆਂ ਜਾਣ ਤਾਂ ਸਾਲ ਵਿਚ 50 ਪੌਂਡ ਮੀਟ ਪੈਦਾ ਹੁੰਦਾ ਹੈ। ਇਹ ਹੁਣ ਤੁਸੀਂ ਆਪ ਅੰਦਾਜ਼ਾ ਲਾ ਸਕਦੇ ਹੋ ਕਿ 1200 ਪੌਂਡ ਮੱਕੀ ਨਾਲ ਜਿਆਦਾ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ ਜਾਂ 50 ਪੌਂਡ ਮੀਟ ਨਾਲ । ਇਸਦੇ ਨਾਲ ਹੀ ਤੇਜ਼ੀ ਨਾਲ ਮੀਟ ਪੈਦਾ ਕਰਨ ਲਈ ਜਾਨਵਰਾਂ ਨੂੰ ਚਾਰਗਾਹਾਂ 'ਚ ਨਹੀਂ ਸਗੋਂ ਵਾੜਿਆਂ 'ਚ ਦਾਣਾ ਪਾ ਕੇ ਤਿਆਰ ਕੀਤਾ ਜਾ ਰਿਹਾ ਹੈ। ਨਤੀਜੇ ਵੱਜੋਂ ਦੁਨੀਆਂ ਦਾ 40 ਪ੍ਰਤੀਸ਼ਤ ਤੋਂ ਵੱਧ ਦਾਣਾ ਜਾਨਵਰਾਂ ਨੂੰ ਖੁਆਇਆ ਜਾ ਰਿਹਾ ਹੈ। ਦਾਣੇ ਦੀ ਇਹ ਵਰਤੋਂ ਕਿੰਨੀ ਫਜ਼ੂਲ ਹੈ ਇਹ ਇਸ ਗੱਲ ਤੋਂ ਸਾਬਤ ਹੁੰਦਾ ਹੈ ਕਿ ਇਕ ਪੌਂਡ ਗਾਂ ਦਾ ਮੀਟ ਪੈਦਾ ਕਰਨ ਲਈ 16 ਪੌਂਡ ਦਾਣੇ ਦੀ ਲੋੜ ਪੈਂਦੀ ਹੈ। ਇਸਦੇ ਨਾਲ ਹੀ ਕਿਉਂਕਿ ਜਾਨਵਰਾਂ ਨੂੰ ਵਾੜਿਆਂ ਵਿਚ ਪਾਲਿਆ ਜਾ ਰਿਹਾ ਹੈ ਇਸ ਕਰਕੇ ਇਕੱਲੇ ਅਮਰੀਕਾ ਵਿਚ ਵੱਡੀ ਮਾਤਰਾ (ਤੀਜਾ ਹਿੱਸਾ) ਵਿਚ ਉਹ ਧਰਤੀ ਜਿਹੜੀ ਘੱਟ ਉਪਜਾਊ ਹੋਣ ਕਰਕੇ ਸਿਰਫ ਚਾਰਗਾਹਾਂ ਲਈ ਹੀ ਵਰਤੀ ਜਾ ਸਕਦੀ ਸੀ ਉਹ ਅੰਜਾਈ ਜਾ ਰਹੀ ਹੈ।

ਇਸ ਪਾਲਸੀ ਦਾ ਦੂਜਾ ਨੁਕਤਾ ਜਿਸ ਦੀ ਪੱਛਮੀ ਵਿਕਸਤ (ਸਰਮਾਏ ਦਾਰੀ) ਦੇਸ਼ਾਂ ਵਲੋਂ ਪੂਰੇ ਜੋਰ ਸ਼ੋਰ ਨਾਲ ਵਕਾਲਤ ਕੀਤੀ ਜਾਂਦੀ ਹੈ ਉਹ ਹੈ ਅੰਤਰਰਾਸ਼ਟਰੀ 'ਫਰੀ' ਮਾਰਕੀਟ ਪ੍ਰਬੰਧ। ਆਉ ਦੇਖੀਏ ਇਹ ਪ੍ਰਬੰਧ ਕਿਸ ਤਰ੍ਹਾਂ ਦੁਨੀਆਂ ਦੇ ਭੁੱਖੇ ਲੋਕਾਂ ਨੂੰ ਭੁੱਖੇ ਰੱਖਦਾ ਹੈ। ਇਸ ਪ੍ਰਬੰਧ ਵਿਚ ਅਨਾਜ ਵੀ ਦੂਜੀਆਂ ਵਸਤਾਂ ਵਾਂਗ ਇਕ ਵਪਾਰਕ ਵਸਤ ਹੈ ਅਤੇ ਇਸ ਨੂੰ ਸਿਰਫ ਉਹ ਹੀ ਪ੍ਰਾਪਤ ਕਰ ਸਕਦਾ ਹੈ ਜੋ ਇਸਨੂੰ ਖਰੀਦਣ ਦੇ ਕਾਬਲ ਹੋਵੇ। ਜਿਸ ਵਿਅਕਤੀ ਕੋਲ ਖਾਣਾ ਖਰੀਦਣ ਲਈ ਪੈਸੇ ਨਹੀਂ ਹਨ ਉਸਨੂੰ ਖਾਣਾ ਮਿਲਣਾ ਤਾਂ ਇਕ ਪਾਸੇ ਰਿਹਾ, 'ਫਰੀ' ਮਾਰਕੀਟ ਦੇ ਨਿਯਮਾਂ ਮੁਤਾਬਕ ਉਸਦੀ ਲੋੜ ਖਾਣੇ ਦੀ ਮੰਗ (effective demand) ਦਾ ਵੀ ਹਿੱਸਾ ਨਹੀਂ ਬਣਦੀ। ਇਸ 'ਫਰੀ' ਮਾਰਕਿਟ ਵਿਚ ਅਣਵਿਕਸਤ ਗਰੀਬ ਦੇਸ਼ਾਂ ਨੂੰ ਅਮੀਰ ਵਿਕਸਤ ਦੇਸ਼ਾਂ ਨਾਲ ਇਸ ਖਰੀਦੋ ਫਰੋਖਤ ਲਈ ਮੁਕਾਬਲਾ ਕਰਨਾ ਪੈਂਦਾ ਹੈ ਜਿਹੜਾ ਕਿ ਉਹ ਨਹੀਂ ਕਰ ਸਕਦੇ। ਨਤੀਜੇ ਵਜੋਂ ਖਾਣੇ ਦਾ ਵਹਾਅ ਗਰੀਬ ਤੇ ਭੁੱਖ ਦੇ ਮਾਰੇ ਦੇਸ਼ਾਂ ਤੋਂ ਅਮੀਰ ਅਤੇ ਰੱਜੇ ਪੁੱਜੇ ਦੇਸ਼ਾਂ ਵਲ ਨੂੰ ਚਲਦਾ ਹੈ। ਜਦੋਂ ਕਿ ਹੋਣਾ ਇਸਦੇ ਉਲਟ ਚਾਹੀਦਾ ਹੈ।

ਦੂਸਰੀ ਗੱਲ ਮਾਰਕੀਟ ਪ੍ਰਬੰਧ ਵਿਚ ਉਹ ਹੀ ਵਸਤ ਜਿਆਦਾ ਪੈਦਾ ਕੀਤੀ ਜਾਵੇਗੀ ਜਿਹਦੇ ਜਿਆਦਾ ਖਰੀਦਦਾਰ ਹੋਣ ਅਤੇ ਜਿਸ ਨੂੰ ਵੇਚ ਕੇ ਜਿਆਦਾ ਮੁਨਾਫਾ ਕਮਾਇਆ ਜਾ ਸਕੇ। ਇਸ ਤਰ੍ਹਾਂ ਖੇਤੀ ਯੋਗ ਧਰਤੀ ਅਨਾਜ ਉਗਾਉਣ ਲਈ ਨਹੀਂ ਵਰਤੀ ਜਾਂਦੀ ਸਗੋਂ ਅਨੰਦਪੂਰਤੀ ਲਈ ਚਾਹੀਦੀਆਂ ਵਸਤਾਂ (luxry goods) ਜਿਵੇਂ: ਚਾਹ, ਕਾਫੀ, ਮੀਟ,

ਇੱਥੋਂ ਤਕ ਕਿ ਫੁੱਲ ਆਦਿ ਉਗਾਉਣ ਲਈ ਵਰਤੀ ਜਾਂਦੀ ਹੈ ਅਤੇ ਇਨ੍ਹਾਂ ਵਸਤਾਂ ਦੇ ਖਰੀਦਦਾਰ ਪੱਛਮੀ ਵਿਕਸਤ ਦੇਸ਼ਾਂ ਦੇ ਲੋਕ ਅਤੇ ਗਰੀਬ ਅਣਵਿਕਸਤ ਦੇਸ਼ਾਂ ਦੀ ਉਪਰਲੀ ਕਲਾਸ ਦੇ ਲੋਕ ਹਨ ਜੋ ਪਹਿਲਾਂ ਹੀ ਰੱਜੇ ਪੁੱਜੇ ਹਨ।

'ਫਰੀ ਮਾਰਕੀਟ' ਪ੍ਰਬੰਧ ਦਾ ਇਕ ਸਿੱਧਾ ਜਿਹਾ ਅਸੂਲ ਹੈ ਕਿ ਜੇ ਸਪਲਾਈ ਵੱਧ ਹੋਵੇਗੀ ਤਾਂ ਕੀਮਤ ਘੱਟ ਅਤੇ ਜੇ ਸਪਲਾਈ ਘੱਟ ਹੋਵੇਗੀ ਤਾਂ ਕੀਮਤਾਂ ਵੱਧ। ਇਸ ਅਸੂਲ ਤੇ ਚਲਦਿਆਂ ਅੰਤਰਾਸ਼ਟਰੀ ਅਨਾਜ ਦੀ ਮਾਰਕੀਟ ਦੇ ਵੱਡੇ ਖਿਡਾਰੀਆਂ ਵਲੋਂ ਜਾਣਬੁੱਝ ਕੇ ਥੁੜ ਪੈਦਾ ਕੀਤੀ ਜਾਂਦੀ ਹੈ। ਅਨਾਜ ਦੀ ਮਾਰਕੀਟ ਵਿੱਚ ਵੱਡੇ ਖਿਡਾਰੀ ਪੱਛਮੀ ਵਿਕਸਤ ਦੇਸ਼ ਖਾਸ ਕਰਕੇ ਅਮਰੀਕਾ ਅਤੇ ਉੱਥੋਂ ਦੀਆਂ ਵੱਡੀਆਂ ਕਾਰਪੋਰੇਸ਼ਨ ਹਨ। ਅਤੇ ਉਨ੍ਹਾਂ ਦਾ ਇਕੋ ਹੀ ਉਦੇਸ਼ ਹੈ ਕਿ ਉਨ੍ਹਾਂ ਗਾਹਕਾਂ, ਜੋ ਅਨਾਜ ਖਰੀਦ ਸਕਦੇ ਹਨ ( ਜੋ ਨਹੀਂ ਖਰੀਦ ਸਕਦੇ ਉਹ ਪੈਣ ਢੱਠੇ ਖੂਹ 'ਚ) ਕੋਲੋਂ ਅਨਾਜ ਦੀਆਂ ਕੀਮਤਾਂ ਕਿੰਨੀਆਂ ਵੱਧ ਤੋਂ ਵੱਧ ਵਸੂਲੀਆਂ ਜਾ ਸਕਦੀਆਂ ਹਨ। ਆਪਣਾ ਇਹ ਮਨੋਰਥ ਪੂਰਾ ਕਰਨ ਲਈ ਜਾਣਬੁੱਝ ਕੇ ਥੁੜ ਪੈਦਾ ਕਰਦੇ ਹਨ। ਜੇ ਪਿਛਲੇ 50-60 ਸਾਲ ਦੀ ਅਮਰੀਕਾ ਦੀ 'ਫਾਰਮ ਪਾਲਸੀ' ਦੇਖੀ ਜਾਵੇ ਤਾਂ ਪਤਾ ਚਲਦਾ ਹੈ ਕਿ ਇਸ ਪਾਲਸੀ ਦਾ ਮੁੱਖ ਮੁੱਦਾ ਕੀਮਤਾਂ ਵਧਾਉਣ ਲਈ ਫਾਰਮਰਾਂ ਨੂੰ ਪੈਦਾਵਾਰ ਕਰਨ ਤੋਂ ਰੋਕਣ ਦਾ ਹੈ। 1972 ਦੀਆਂ ਗਰਮੀਆਂ ਵਿਚ ਅਮਰੀਕਾ ਦੀ ਸਰਕਾਰ ਨੇ ਅਮਰੀਕਾ ਦੇ ਫਾਰਮਰਾਂ ਨੂੰ 60 ਮਿਲੀਅਨ ਏਕੜਾਂ (ਅਮਰੀਕਾ ਦੀ ਅਨਾਜ ਉਗਾਉਣ ਵਾਲੀ ਜਮੀਨ ਦਾ 15 ਪ੍ਰਤੀਸ਼ੱਤ) ਵਿਚ ਅਨਾਜ ਨਾ ਉਗਾਉਣ ਲਈ ਰਕਮਾਂ ਦਿੱਤੀਆਂ। 1965-70 ਤੱਕ ਦੁਨੀਆਂ ਵਿਚ ਚੌਲਾਂ ਦੀ ਫਸਲ ਵਿਚ ਤਿੰਨ ਗੁਣਾ ਵਾਧਾ ਹੋਇਆ। ਕੀਮਤਾਂ ਹੇਠਾਂ ਨੂੰ ਆਉਣ ਲੱਗੀਆਂ। ਇਹ ਦੇਖਦਿਆਂ ਚੌਲਾਂ ਦੀ ਫਸਲ ਲਈ ਵਾਹੀ ਹੇਠ ਫਸਲ ਘਟਾ ਦਿੱਤੀ ਗਈ ਅਤੇ ਉਨ੍ਹਾਂ ਦੇਸ਼ਾ ਵਿਚ ਜਿੱਥੇ 'ਹਰਾ ਇਨਕਲਾਬ' ਚੱਲ ਰਿਹਾ ਸੀ ਉੱਥੇ ਚੌਲਾਂ ਦੀ ਪੈਦਾਵਾਰ ਵਧਾਉਣ ਲਈ ਜਾ ਰਹੀ ਪੂੰਜੀ ਘਟਾ ਦਿੱਤੀ ਗਈ। ਨਤੀਜੇ ਵਜੋਂ ਅਗਲੇ ਤਿੰਨ ਚਾਰ ਸਾਲਾਂ ਵਿਚ ਚੌਲਾਂ ਦੀ ਕੀਮਤਾਂ ਵਿਚ ਚਾਰ ਪੰਜ ਗੁਣਾ ਵਾਧਾ ਹੋਇਆ। ਜਨਵਰੀ 1971 ਵਿਚ ਚੌਲਾਂ ਦੀ ਕੀਮਤ 129 ਡਾਲਰ ਪ੍ਰਤੀ ਟਨ ਸੀ ਅਤੇ ਅਪ੍ਰੈਲ 1974 ਵਿਚ 630 ਡਾਲਰ ਪ੍ਰਤੀ ਟਨ ਹੋ ਗਈ। ਹੈ ਕਿ ਨਹੀਂ ਭੁੱਖ ਦੂਰ ਕਰਨ ਦਾ 'ਕਾਰਗਰ' ਤਰੀਕਾ।

ਪਾਲਸੀ ਦਾ ਤੀਜਾ ਨੁਕਤਾ ਜਿਸ ਨੂੰ ਵਿਕਸਤ ਦੇਸ਼ਾਂ ਅਤੇ ਉਨ੍ਹਾਂ ਦੇਸ਼ਾਂ ਦੀਆਂ ਪੈਸੇ ਨਾਲ ਚਲਦੀਆਂ ਦੁਨੀਆਂ ਪੱਧਰ ਦੀਆਂ ਸੰਸਥਾਵਾਂ ( ਜਿਵੇਂ ਵਰਲਡ ਬੈਂਕ) ਵਲੋਂ ਪੂਰੇ ਜੋਰ ਸ਼ੋਰ ਨਾਲ ਪ੍ਰਚਾਰਿਆ ਜਾ ਰਿਹਾ ਹੈ ਉਹ ਹੈ ਅਨਾਜ ਦੀ ਪੈਦਾਵਾਰ ਵਿਚ ਵਾਧਾ। ਇਸ ਪਾਲਸੀ ਦਾ ਆਧਾਰ ਇਹ ਹੈ ਕਿ ਦੁਨੀਆਂ ਦੀ ਆਬਾਦੀ ਅਨਾਜ ਦੀ ਪੈਦਾਵਾਰ ਨਾਲੋਂ ਵੱਧ ਮਾਤਰਾ ਵਿਚ ਵੱਧ ਰਹੀ ਹੈ ਇਸ ਲਈ ਦੁਨੀਆਂ ਵਿਚ ਅਨਾਜ ਦੀ ਘਾਟ ਹੈ ਅਤੇ ਇਸ ਘਾਟ ਨੂੰ ਹੋਰ ਪੈਦਾਵਾਰ ਵਧਾ ਕੇ ਦੂਰ ਕੀਤਾ ਜਾ ਸਕਦਾ ਹੈ। ਪਰ ਸੰਨ 1800 ਤੋਂ ਹੁਣ ਤੱਕ ਦੁਨੀਆਂ ਦੀ ਅਬਾਦੀ ਵਿਚ ਸਾਢੇ ਚਾਰ ਗੁਣਾਂ ਵਾਧਾ ਹੋਇਆ ਹੈ ਜਦ ਕਿ ਅਨਾਜ ਦੀ ਪੈਦਾਵਾਰ ਇਸ ਸਮੇਂ ਦੌਰਾਨ ਸੱਤ ਗੁਣਾਂ ਵਧੀ ਹੈ। ਵਰਲਡ ਬੈਂਕ ਦੀ ਹੀ 1986 'ਚ ਕੀਤੀ ਇਕ 'ਸਟੱਡੀ' ਮੁਤਾਬਕ ਇਸ ਸਮੇਂ ਦੁਨੀਆਂ ਵਿਚ ਇੰਨਾਂ ਅਨਾਜ ਪੈਦਾ ਕੀਤਾ ਜਾ ਰਿਹਾ ਹੈ ਕਿ ਦੁਨਿਆਂ ਤੇ ਹਰ ਇਕ ਰਹਿਣ ਵਾਲੇ ਨੂੰ 3600 ਕੈਲੋਰੀਜ਼ (ਲੋੜ ਨਾਲੋਂ ਵੱਧ) ਖਾਣਾ ਹਰ ਰੋਜ ਮਿਲ ਸਕਦਾ ਹੈ। ਹਿੰਦੁਸਤਾਨ ਦੇ 300 ਮਿਲੀਅਨ (ਤੀਹ ਕਰੋੜ) ਲੋਕ ਭੁੱਖ ਮਰੀ ਦਾ ਸ਼ਿਕਾਰ ਹਨ ਜਦੋਂ ਕਿ ਹਿੰਦੁਸਤਾਨ ਵੱਡੀ ਗਿਣਤੀ ਵਿਚ ਕਣਕ ਤੋਂ ਲੈਕੇ ਗਾਵਾਂ ਦਾ ਮੀਟ ਤੱਕ ਬਾਹਰ ਨੂੰ ਨਿਰਯਾਤ ਕਰਦਾ ਹੈ। ਹਿੰਦੁਸਤਾਨ ਸਰਕਾਰ ਦੀ ਇਹ ਸਿਰਦਰਦੀ ਬਣੀ ਹੋਈ ਹੈ ਕਿ ਉਹ ਕਣਕ ਅਤੇ ਚੌਲਾਂ ਦੀ ਵਾਧੂ ਮਾਤਰਾ ( 1985 ਵਿਚ ਦੋ ਕਰੋੜ ਚਾਲੀ ਲੱਖ) ਨੂੰ ਕਿੱਥੇ ਖਪਾਵੇ।

ਉਪਰਲੇ ਅੰਕੜਿਆਂ ਤੋਂ ਤਾਂ ਸਾਫ ਜ਼ਾਹਿਰ ਹੈ ਕਿ ਇਸ ਸਮੇਂ ਦੁਨੀਆਂ ਵਿਚ ਗੁਜਾਰੇ ਜੋਗਾ ਅਨਾਜ ਪੈਦਾ ਹੋ ਰਿਹਾ ਹੈ। ਇਸ ਲਈ ਸੁਆਲ ਪੈਦਾ ਹੁੰਦਾ ਹੈ ਕਿ ਫਿਰ ਵੀ ਪੈਦਾਵਾਰ ਵਧਾਉਣ ਦਾ ਪ੍ਰਚਾਰ ਕਿਉਂ ਇਨੀ ਉੱਚੀ ਉੱਚੀ ਕੀਤਾ ਜਾ ਰਿਹਾ ਹੈ? ਇਸ ਸੁਆਲ ਦਾ ਸਿੱਧਾ ਜੁਆਬ ਤਾਂ ਇਹ ਹੈ ਕਿ ਭੁੱਖਮਰੀ ਦੇ ਅਸਲੀ ਕਾਰਨ ਤੋਂ ਲੋਕਾਂ ਦਾ ਧਿਆਨ ਲਾਂਭੇ ਰੱਖਣ ਲਈ। ਦੁਨੀਆਂ 'ਚ ਇਸ ਵੱਡੇ ਪੱਧਰ ਤੇ ਪੱਸਰੀ ਭੁੱਖ ਦਾ ਅਸਲੀ ਕਾਰਨ ਤਾਂ ਅਨਾਜ ਅਤੇ ਹੋਰ ਆਰਥਿਕ ਸਾਧਨਾਂ ਦੀ ਕਾਣੀ ਵੰਡ ਹੈ। ਦੁਨੀਆਂ ਦੇ ਬਹੁਤੇ ਆਰਥਿਕ ਵਸੀਲਿਆਂ ਅਤੇ ਦੌਲਤ ਉਪਰ ਬਹੁਤ ਥੋੜੇ ਜਿਹੇ ਲੋਕਾਂ ਦਾ ਅਧਿਕਾਰ ਹੈ। ਅਤੇ ਦੁਨੀਆਂ ਦੇ ਵੱਡੇ ਹਿੱਸੇ (ਸਰਮਾਏਦਾਰੀ ਪ੍ਰਬੰਧ ਹੇਠਲੇ) ਵਿਚ ਖਾਣਾ ਵੀ ਦੂਜੀਆਂ ਵਸਤਾਂ ਵਾਂਗ ਇਕ ਵਪਾਰਕ ਵਸਤ ਹੈ ਮਨੁੱਖ ਦਾ ਜਨਮ ਸਿੱਧ ਅਧਿਕਾਰ ਨਹੀ। ਇਸਨੂੰ ਉਹ ਹੀ ਹਾਸਲ ਕਰ ਸਕਦਾ ਹੈ ਜੋ ਖਰੀਦਣ ਦੇ ਕਾਬਲ ਹੈ ਦੂਸਰਾ ਨਹੀਂ। ਇਹ ਹੈ ਅਸਲੀ ਕਾਰਨ ਦੁਨੀਆਂ ਦੀ ਭੁੱਖ ਦਾ। ਪਰ ਜੇ ਇਸਦਾ ਅਹਿਸਾਸ ਭੁਖ ਦਾ ਸ਼ਿਕਾਰ ਲੋਕਾਂ ਨੂੰ ਹੋ ਜਾਵੇ ਤਾਂ ਪੱਛਮੀ ਸਰਮਾਏਦਾਰੀ ਦੇਸ਼ਾਂ ਅਤੇ ਉਨ੍ਹਾਂ ਦੀਆਂ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਸਰਮਾਏ ਨੂੰ ਖਤਰਾ ਬਣ ਸਕਦਾ ਹੈ ਇਸ ਲਈ ਉਹ ਹੋਰ ਕਾਰਨ ਵਧਾ ਚੜ੍ਹਾ ਕੇ ਪੇਸ਼ ਕਰਦੇ ਹਨ।

ਇਸ ਪਿੱਛੇ ਹੋਰ ਕਾਰਨਾਂ ਨੂੰ ਸਮਝਣ ਲਈ ਸਾਨੂੰ ਇਹ ਦੇਖਣਾ ਪਵੇਗਾ ਕਿ ਖਾਣੇ ਦੀ ਪੈਦਾਵਾਰ ਵਧਾਉਣ ਲਈ ਕਿਹੜੇ ਕਿਹੜੇ ਢੰਗਾਂ ਦੀ ਵਕਾਲਤ ਕੀਤੀ ਜਾਂਦੀ ਹੈ ਅਤੇ ਇਹ ਢੰਗ ਕਿਸਦਾ ਫਾਇਦਾ ਕਰਦੇ ਹਨ। ਅਣਵਿਕਸਤ ਦੇਸ਼ਾਂ ਵਿਚ ਪੈਦਾਵਾਰ ਵਧਾਉਣ ਲਈ ਵਿਕਸਤ ਪੱਛਮੀ ਦੇਸ਼ਾਂ 'ਚ ਖੇਤੀ ਲਈ ਵਰਤੇ ਜਾਂਦੇ ਢੰਗਾਂ ਨੂੰ ਅਪਨਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਇਨ੍ਹਾਂ ਢੰਗਾ ਲਈ ਵੱਡੀ ਮਾਤਰਾ ਵਿਚ ਊਰਜਾ (energy), ਤਕਨੌਲਜੀ ਅਤੇ ਸਰਮਾਏ ਦੀ ਲੋੜ ਪੈਂਦੀ ਹੈ। ਅਮਰੀਕਾ ਵਿਚ ਵਰਤੀ ਜਾਂਦੀ ਕੁਲ ਊਰਜਾ ਦਾ 25 ਪ੍ਰਤੀਸ਼ਤ ਖਾਣਾ ਪੈਦਾ ਕਰਨ ਦੇ ਸਬੰਧ ਵਿਚ ਖਰਚੀ ਜਾਂਦੀ ਹੈ। ਦੁਨੀਆਂ ਵਿਚ ਅਨਾਜ ਦੀਆਂ ਮੂਲ ਫਸਲਾਂ ਦੀ ਪੈਦਾਵਾਰ ਦੁਗਣੀ ਕਰਨ ਲਈ ਖੇਤੀ 'ਚ ਵਰਤੀ ਜਾਂਦੀ ਊਰਜਾ 'ਚ ਦੱਸ ਗੁਣਾ ਵਾਧਾ ਕਰਨਾ ਪਵੇਗਾ। ਊਰਜਾ ਦੀ ਇਹ ਵਰਤੋਂ ਕਾਫੀ ਮਹਿੰਗੀ ਹੈ। ਜਦੋਂ ਹਾਂਗਕਾਂਗ ਨੇ ਸਬਜੀਆਂ ਉਗਾਉਣ ਦਾ ਰਵਾਇਤੀ ਚੀਨੀ ਢੰਗ ਛੱਡ ਕੇ ਪੱਛਮੀ ਦੇਸ਼ਾਂ ਦਾ ਢੰਗ ਅਪਨਾਇਆ ਤਾਂ ਇਸਦੀ ਸਬਜੀਆਂ ਦੀ ਪੈਦਾਵਾਰ ਵਿਚ 8 ਪ੍ਰਤੀਸ਼ਤ ਵਾਧਾ ਹੋਇਆ ਪਰ ਊਰਜਾ ਦੀ ਵਰਤੋਂ ਕਾਰਨ ਸਬਜੀਆਂ ਉਗਾਉਣ ਦੇ ਖਰਚਿਆਂ ਵਿਚ 500 ਪ੍ਰਤੀਸ਼ਤ ਵਾਧਾ ਹੋਇਆ ਹੈ। ਇਥੇ ਦੋ ਸਵਾਲ ਪੈਦਾ ਹੁੰਦੇ ਹਨ। ਪਹਿਲਾ ਕਿ ਕੀ ਅਣਵਿਕਸਤ ਦੇਸ਼ ਪੈਦਾਵਾਰ ਵਧਾਉਣ ਲਈ ਲੋੜੀਂਦੀ ਊਰਜਾ ਪ੍ਰਾਪਤ ਕਰ ਸਕਣਗੇ? ਦੂਸਰਾ ਕੀ ਅਣਵਿਕਸਤ ਦੇਸ਼ਾਂ ਇਨ੍ਹਾਂ ਮਹਿੰਗਾ ਢੰਗ ਅਪਨਾ ਕੇ ਆਪਣੀ ਭੁੱਖ ਦੀ ਸਮੱਸਿਆ ਦੂਰ ਕਰ ਸਕਣਗੇ? ਇਨ੍ਹਾਂ ਦੋਹਵੇਂ ਸਵਾਲਾਂ ਦੇ ਜੁਆਬ ਨਾਂਹ ਵਿਚ ਹਨ।

ਖਾਣਾ ਪੈਦਾ ਕਰਨ ਦੇ ਇਸ ਪ੍ਰਬੰਧ ਵਿਚ ਊਰਜਾ ਦੀ ਵਧ ਮਾਤਰਾ ਵਿਚ ਵਰਤੋਂ ਸਬੰਧੀ ਦੂਸਰਾ ਸਰੋਕਾਰ ਇਹ ਹੈ ਕਿ ਇਸ ਵਿਚ ਵੱਡੀ ਮਾਤਰਾ ਵਿਚ ਊਰਜਾ ਅੰਜਾਈ ਜਾਂਦੀ ਹੈ। ਜਿੰਨੀ ਊਰਜਾ ਲਗਾਈ ਜਾਂਦੀ ਹੈ ਉਤਨੀ ਊਰਜਾ ਦੀ ਕੀਮਤ ਦਾ ਖਾਣਾ ਪੈਦਾ ਨਹੀਂ ਹੁੰਦਾ। ਅਮਰੀਕਾ ਵਿਚ ਇਕ ਕੈਲਰੀ ਦੇ ਬਰਾਬਰ ਦਾ ਖਾਣਾ 'ਟੇਬਲ' ਤੇ ਆਉਣ ਲਈ ਉਸਤੇ ਊਰਜਾ ਦੀਆਂ 10 ਕੈਲਰੀਆਂ ਖਰਚ ਹੋ ਚੁੱਕੀਆਂ ਹੁੰਦੀਆਂ ਹਨ। ਇਨ੍ਹੀ ਊਰਜਾ ਵਿਅਰਥ ਗਵਾਉਣ ਵਾਲਾ ਪ੍ਰਬੰਧ ਅਣਵਿਕਸਤ ਦੇਸ਼ਾਂ ਦੇ ਸਨਅਤੀ ਵਿਕਾਸ ਵਿਚ ਰੋਕ ਪਾਉਂਦਾ ਹੈ ਕਿਉਕਿ ਉਨ੍ਹਾਂ ਦੀਆਂ ਸਨਅਤਾਂ ਦੇ ਵਿਕਾਸ ਲਈ ਚਾਹੀਦੀ ਊਰਜਾ ਅੰਜਾਈ ਜਾਂਦੀ ਹੈ।

ਇਸ ਪੈਦਾਵਾਰ ਵਧਾਉਣ ਦੇ ਪ੍ਰਬੰਧ ਵਿਚ ਜਿਹੜੀ ਅਗਲੀ ਗੱਲ ਤੇ ਜੋਰ ਦਿੱਤਾ ਜਾਂਦਾ ਹੈ ਉਹ ਹੈ ਤਕਨੌਲੋਜੀ ਦੀ ਵੱਧ ਵਰਤੋਂ। ਤਕਨੌਲੋਜੀ ਦੀ ਇਹ ਵਰਤੋਂ ਅਣਵਿਕਸਤ ਦੇਸ਼ਾਂ ਤੇ ਅੱਗੇ ਦੱਸੇ ਅਸਰ ਪਾਉਂਦੀ ਹੈ। ਸੱਭ ਤੋਂ ਪਹਿਲਾਂ ਤਕਨੌਲੋਜੀ ਅਣਵਿਕਸਤ ਦੇਸ਼ਾਂ ਵਿਚ ਬੇਰੁਜਗਾਰੀ ਪੈਦਾ ਕਰਦੀ ਹੈ। ਕਿਉਂਕਿ ਤਕਨੌਲੋਜੀ ਵਿਕਸਤ ਦੇਸ਼ਾਂ ਵਿਚ ਵਿਕਸਤ ਦੇਸ਼ਾਂ ਦੀਆਂ ਲੋੜਾਂ ਨੂੰ ਮੁੱਖ ਰੱਖਕੇ ਤਿਆਰ ਕੀਤੀ ਹੁੰਦੀ ਹੈ ਇਸ ਲਈ ਇਹ ਅਣਵਿਕਸਤ ਦੇਸ਼ਾਂ ਦੇ ਮੁੱਖ ਵਸੀਲੇ, ਮਜ਼ਦੂਰ ਸ਼ਕਤੀ, ਨੂੰ ਧਿਆਨ ਵਿਚ ਨਹੀਂ ਰਖਦੀ। ਇਸ ਲਈ ਤਕਨੌਲੋਜੀ ਦੀ ਵਰਤੋਂ ਖੇਤੀਬਾੜੀ ਸੈਕਟਰ ਵਿਚੋਂ ਮਜ਼ਦੂਰਾਂ ਨੂੰ ਵਿਹਲੇ ਕਰਦੀ ਹੈ। ਅਣਵਿਕਸਤ ਦੇਸ਼ਾਂ ਵਿਚ ਵਿਕਸਤ ਦੇਸ਼ਾਂ ਵਾਂਗ ਵਿਕਸਿਆ ਹੋਇਆ ਸਨਅਤ ਸੈਕਟਰ ਨਹੀਂ ਹੈ ਜਿਹੜਾ ਇਨ੍ਹਾਂ ਵਿਹਲੇ ਹੋਏ ਮਜ਼ਦੂਰਾਂ ਨੂੰ ਆਪਣੇ ਅੰਦਰ ਸਮਾ ਸਕੇ। ਨਤੀਜੇ ਵਜੋਂ ਇਹ ਵਿਹਲੇ ਹੋਏ ਮਜ਼ਦੂਰ ਗਰੀਬੀ ਅਤੇ ਭੁੱਖ ਦਾ ਸ਼ਿਕਾਰ ਲੋਕਾਂ ਦੀ ਭੀੜ ਵਿਚ ਸ਼ਾਮਲ ਹੋ ਜਾਂਦੇ ਹਨ। ਇਸ ਤਰ੍ਹਾਂ ਤਕਨੌਲੋਜੀ ਭੁੱਖੇ ਲੋਕਾਂ ਦੀ ਗਿਣਤੀ ਘਟਾਉਣ ਦੀ ਥਾਂ ਉਨ੍ਹਾਂ ਦੀ ਗਿਣਤੀ ਵਿਚ ਵਾਧਾ ਕਰਦੀ ਹੈ।

ਇਸ ਤਕਨੌਲੋਜੀ ਬਾਰੇ ਅਗਲੀ ਗੱਲ ਇਹ ਹੈ ਕਿ ਇਹ ਮਹਿੰਗਾ ਖਾਣਾ ਪੈਦਾ ਕਰਦੀ ਹੈ। ਮਸ਼ੀਨਰੀ, ਸਪੇਅਰ ਪਾਰਟਸ ਅਤੇ ਇਸ ਮਸ਼ੀਨਰੀ ਨੂੰ ਚਲਾ ਉਣ ਲਈ ਚਾਹੀਦੇ ਤੇਲ ਜਾਂ ਊਰਜਾ ਦੀ ਹੋਰ ਕਿਸਮ ਦੀ ਵਰਤੋਂ ਮਹਿੰਗਾ ਖਾਣਾ ਪੈਦਾ ਕਰਨ ਵਿਚ ਹਿੱਸਾ ਪਾਉਂਦੀ ਹੈ ਨਤੀਜੇ ਵਜੋਂ ਖਾਣਾ ਅਣਵਿਕਸਤ ਦੇਸ਼ਾਂ ਦੇ ਲੋੜਵੰਦ ਗਰੀਬਾਂ ਅਤੇ ਭੁੱਖੇ ਲੋਕਾਂ ਦੀ ਪਹੁੰਚ 'ਤੋਂ ਬਾਹਰ ਚਲਾ ਜਾਂਦਾ ਹੈ। ਅਗਲੀ ਉਦਾਹਰਣ ਇਸ ਮੁੱਦੇ ਨੂੰ ਸਪਸ਼ਟ ਕਰਨ ਵਿਚ ਮਦਦ ਕਰੇਗੀ:

> ਨਾਰਵੇ ਦੇ 'ਤਕਨੀਕੀ ਸਹਾਇਤਾ ਦੇ ਪ੍ਰੋਗਰਾਮ' ਹੇਠ ਹਿੰਦੁਸਤਾਨ ਦੇ ਕੇਰਲਾ ਦੇ ਸੂਬੇ ਵਿਚ ਮਛੇਰਿਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਸਥਾਨਕ ਲੋਕਾਂ ਦੇ ਖਾਣੇ ਵਿਚ ਪਰੋਟੀਨ ਦੀ ਮਾਤਰਾ ਵਧਾਉਣ ਲਈ ਇਕ ਪਰਾਜੈਕਟ ਮਿੱਥਿਆ ਗਿਆ। ਇਸ ਪਰਾਜੈਕਟ ਦੇ ਸ਼ੁਰੂ ਹੋਣ ਤੋਂ ਪਹਿਲਾਂ ਇਹ ਮਛੇਰੇ ਮੱਛੀਆਂ ਫੜਨ ਦੇ ਪੁਰਾਣੇ, ਰਵਾਇਤੀ ਢੰਗ ਵਰਤਦੇ ਸਨ। ਜਿਸ ਕਾਰਨ ਉਹ ਬਹੁਤ ਘੱਟ ਮੱਛੀਆਂ ਫੜਦੇ ਸਨ ਅਤੇ ਉਨ੍ਹਾਂ ਦੀ ਉਤਪਾਦਕਤਾ (productivity) ਘੱਟ ਸੀ। ਪਰ ਜਿਹੜੀਆਂ ਮੱਛੀਆਂ ਉਹ ਫੜਦੇ ਸਨ ਉਨ੍ਹਾਂ ਦਾ ਕੁੱਝ ਹਿੱਸਾ, ਉਹ ਅਤੇ ਉਨ੍ਹਾਂ ਦੇ ਪਰਿਵਾਰ ਖਾਂਦੇ ਸਨ। ਨਾਰਵੇ ਵਾਲੇ ਸਟੀਲ ਅਤੇ ਫਾਇਬਰ ਗਲਾਸ ਦੀਆਂ ਆਧੁਨਿਕ ਬੇੜੀਆਂ, ਮੱਛੀ ਲੱਭਣ ਦੇ ਇਲਟਰਾਨਿਕ ਸੰਦ ਅਤੇ ਮੱਛੀਆਂ ਸਾਂਭਣ ਲਈ 'ਡੀਪ ਫਰੀਜ਼ਰ' ਲੈ ਕੇ ਆਏ। ਅੱਗੇ ਜਿੱਥੇ ਮਛੇਰੇ ਮਾਰਕੀਟ 'ਚ ਮੱਛੀ ਲਿਜਾਣ ਲਈ ਸਾਇਕਲ ਵਰਤਦੇ

ਸਨ ਹੁਣ ਵੈਨਾਂ ਵਰਤੀਆਂ ਜਾਣ ਲੱਗੀਆਂ। ਨਤੀਜੇ ਕੀ ਨਿਕਲੇ: ਸੱਭ ਤੋਂ ਪਹਿਲਾਂ ਮੱਛੀਆਂ ਫੜ੍ਹਨ ਦੇ ਧੰਦੇ ਵਿਚ ਹੁਣ ਮਜ਼ਦੂਰੀ ਦੀ ਘੱਟ ਸਗੋਂ ਸਰਮਾਏ ਦੀ ਜਿਆਦਾ ਲੋੜ ਪੈਣ ਲੱਗੀ।(ਤੇ ਬਹੁਤੇ ਮਛੇਰੇ ਵਿਹਲੇ ਹੋ ਗਏ ) ਨਤੀਜੇ ਵਜੋਂ ਮੱਛੀਆਂ ਫੜਨ ਵਿਚ ਜਿਆਦਾ ਖਰਚਾ ਆਉਣ ਲੱਗਾ। ਇਸ ਲਈ ਮੱਛੀਆਂ ਦੀ ਕੀਮਤ ਵਿਚ ਵਾਧਾ ਹੋ ਗਿਆ। ਵਧੀਆਂ ਕੀਮਤਾ ਕਾਰਨ ਸਥਾਨਕ ਲੋਕ ਮੱਛੀ ਖਰੀਦਣ ਤੋਂ ਅਸਮਰਥ ਹੋ ਗਏ। ਇਸ ਲਈ ਕੋਸ਼ਿਸ਼ ਕੀਤੀ ਗਈ ਮੱਛੀ ਨੂੰ ਸਥਾਨਕ ਮਾਰਕੀਟ ਤੋਂ ਦੂਰ ਉਨ੍ਹਾਂ ਲੋਕਾਂ ਨੂੰ ਵੇਚਿਆ ਜਾਵੇ ਜੋ ਇਸ ਕੀਮਤ ਤੇ ਮੱਛੀ ਖਰੀਦ ਸਕਦੇ ਹੋਣ। ਪਰ ਸੰਸਕਾਰਕ ਕਾਰਨਾਂ ਕਰਕੇ ਹਿੰਦੁਸਤਾਨ ਦੀ ਮੱਧਵਰਗੀ ਜਮਾਤ ਵਿਚ ਮੱਛੀ ਦੀ ਜਿਆਦਾ ਗਾਹਕੀ ਨਾ ਬਣ ਸਕੀ। ਅਤੇ ਹੁਣ ਮੱਛੀਆਂ ਦੀ ਥਾਂ ਝੀਂਗਾਂ ਮੱਛੀ (shrimps & lobster) ਫੜਨ ਦਾ ਫੈਸਲਾ ਕੀਤਾ ਗਿਆ। ਪਰ ਇਸ ਮੱਛੀ ਦੀ ਕੀਮਤ ਸਥਾਨਕ ਲੋਕਾਂ ਦੀ ਖਰੀਦ ਸ਼ਕਤੀ ਤੋਂ ਬਹੁਤੀ ਦੂਰ ਸੀ। ਇਸ ਮੱਛੀ ਖਰੀਦਣ ਵਾਲੇ ਗਾਹਕ ਸਿਰਫ ਵਿਕਸਤ ਅਮੀਰ ਦੇਸ਼ਾਂ ਵਿਚ ਹੀ ਸਨ ਅਤੇ ਫੈਸਲਾ ਕੀਤਾ ਗਿਆ ਕਿ ਮੱਛੀਆਂ ਨੂੰ ਇਨ੍ਹਾਂ ਅਮੀਰ ਦੇਸ਼ਾਂ ਨੂੰ ਹੀ ਭੇਜਿਆ ਜਾਵੇ। ਤੇ ਇਸ ਤਰ੍ਹਾਂ ਆਧੁਨਿਕ ਤਕਨੋਲੋਜੀ ਨਾਲ ਅਤੇ ਆਧੁਨਿਕ ਮਛੇਰਿਆਂ ਵਲੋਂ ਫੜੀ ਜਾਣ ਵਾਲੀ ਆਧੁਨਿਕ ਗਾਹਕਾਂ ਤੱਕ ਜਾਣ ਲੱਗੀ। ਸਥਾਨਕ ਲੋਕਾਂ ਦਾ ਜੀਵਨ ਪੱਧਰ ਜਿਉਂ ਦਾ ਤਿਉਂ ਹੀ ਰਿਹਾ। ਕੁੱਝ ਇਕ ਨੂੰ ਝੀਂਗਾ ਮੱਛੀਆਂ ਦੀਆਂ ਫੈਕਟਰੀਆਂ ਵਿਚ ਕੰਮ ਮਿਲ ਗਿਆ ਪਰ ਉਨ੍ਹਾਂ ਦੀ ਤਨਖਾਹ ਇੰਨ੍ਹੀ ਘੱਟ ਸੀ ਕਿ ਉਹਨਾਂ ਦੇ ਜੀਵਨ ਪੱਧਰ ਵਿਚ ਕੋਈ ਸੁਧਾਰ ਨਹੀ ਆਇਆ। ਹਾਂ ਉਥੋਂ ਦੇ ਇਕ ਸਥਾਨਕ ਵਪਾਰੀ ਨੇ ਬਰਫ ਦਾ ਕਾਰਖਾਨ ਲਾ ਲਿਆ ਅਤੇ 15 ਵੈਨਾਂ ਖਰੀਦ ਲਈਆਂ ਜਿਨ੍ਹਾਂ ਸਦਕਾ ਉਹਨੇ ਕੁੱਝ ਹੀ ਸਾਲਾਂ ਵਿਚ 40 ਲੱਖ ਰੁਪਏ ਕਮਾ ਏ।

ਕਿਉਂਕਿ ਅਣਵਿਕਸਤ ਦੇਸ਼ਾਂ ਨੂੰ ਤਕਨੋਲੋਜੀ ਲਈ ਵਿਕਸਤ ਦੇਸ਼ਾਂ ਅਤੇ ਉਨ੍ਹਾ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਉਪਰ ਨਿਰਭਰ ਕਰਨਾ ਪੈਂਦਾ ਇਸ ਲਈ ਤਕਨੋਲੋਜੀ ਤੋਂ ਅਸਲੀ ਲਾਭ ਵਿਕਸਤ ਦੇਸ਼ ਅਤੇ ਉਨ੍ਹਾਂ ਦੀਆਂ ਕਾਰਪੋਰੇਸ਼ਨਾਂ ਨੂੰ ਹੀ ਹੁੰਦਾ ਹੈ। 'ਹਰੇ ਇਨਕਲਾਬ' ਨੂੰ ਧਿਆਨ ਨਾਲ ਘੋਖਣ ਤੇ ਇਹ ਮੁੱਦਾ ਹੋਰ ਵੀ ਸਪਸ਼ਟ ਹੋ ਜਾਵੇਗਾ।

'ਹਰੇ ਇਨਕਲਾਬ' ਦਾ ਮਤਲਬ ਹੈ ਮਸ਼ੀਨਰੀ ਦੇ ਨਾਲ ਨਾਲ ਵੱਧ ਝਾੜ ਦੇਣ ਵਾਲੇ ਬੀਜਾਂ, ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਸਿੰਜਾਈ ਦੇ ਵਧੀਆ ਸਾਧਨਾ ਆਦਿ ਦੀ ਵਰਤੋਂ ਕਰਕੇ ਵੱਧ ਪੈਦਾਵਾਰ ਕਰਨਾ। 'ਹਰੇ ਇਨਕਲਾਬ' ਦਾ ਜਨਮ 1943 ਵਿਚ ਅਮਰੀਕਾ ਦੀ 'ਰਾਕਫੈਲਰ' ਕਾਰਪੋਰੇਸ਼ਨ ਦੀ ਮੱਦਦ ਨਾਲ ਮੈਕਸੀਕੋ ਵਿਚ ਹੋਇਆ ਅਤੇ ਤੇਜੀ ਨਾਲ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਫੈਲ ਗਿਆ। ਬਾਅਦ ਵਿਚ 'ਹਰੇ ਇਨਕਲਾਬ' ਦੇ ਪਸਾਰੇ ਵਿਚ ਹਿੱਸਾ ਪਾਉਣ ਲਈ ਅਮਰੀਕਾ ਦੀ 'ਫੋਰਡ' ਕਾਰਪੋਰੇਸ਼ਨ ਵੀ ਸ਼ਾਮਲ ਹੋ ਗਈ। ਕੀ 'ਹਰਾ ਇਨਕਲਾਬ' ਸਫਲ ਹੋਇਆ? ਇਸ ਸਵਾਲ ਦਾ ਜੁਆਬ ਦੇਣ ਤੋਂ ਪਹਿਲਾਂ ਆਪਾਂ ਨੂੰ ਇਹ ਤੈਅ ਕਰਨਾ ਪਵੇਗਾ ਕਿ ਸਫਲਤਾ ਤੋਂ ਸਾਡਾ ਕੀ ਭਾਵ ਹੈ? ਹਾਂ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਵਿਚ 'ਹਰਾ ਇਨਕਲਾਬ' ਕਾਫੀ ਹੱਦ ਤੱਕ ਸਫਲ ਹੋਇਆ। ਪਰ ਭੁੱਖ ਦੂਰ ਕਰਨ ਵਿਚ ਨਹੀਂ। ਇਸਦੀ ਇਕ ਉਦਾਹਰਣ ਇਹ ਹੈ ਕਿ ਬੇਸ਼ਕ ਹਿੰਦੁਸਤਾਨ ਦੀ ਸਰਕਾਰ ਨੂੰ ਇਹ ਸੱਮਸਿਆ ਆ ਰਹੀ ਹੈ ਕਿ ਉਹ ਅਨਾਜ ਨੂੰ ਕਿਸ ਤਰ੍ਹਾਂ ਸਾਂਭੇ ਪਰ ਉੱਥੇ ਭੁੱਖ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇਸ ਤਰ੍ਹਾਂ ਦੀ ਤਸਵੀਰ 'ਹਰੇ ਇਨਕਲਾਬ' ਦੇ ਜਨਮ ਸਥਾਨ ਮੈਕਸੀਕੋ ਵਿਚ ਹੈ। ਬੇਸ਼ਕ 'ਹਰੇ ਇਨਕਲਾਬ' ਦੇ ਪਿਛਲੇ ਤਿੰਨ-ਚਾਰ ਦਹਾਕਿਆਂ ਦੌਰਾਨ ਮੈਕਸੀਕੋ ਵਿਚ ਜਿਆਦਾ ਪੈਦਾਵਾਰ ਦੇਣ ਵਾਲੇ ਵਪਾਰਕ ਪੱਧਰ ਦੇ ਵੱਡੇ ਫਾਰਮਾਂ ਦੀ ਗਿਣਤੀ ਵਧੀ ਹੈ ਪਰ ਇਸ ਦੀ ਪੇਂਡੂ ਵਸੋਂ ਵਿਚ ਭੁੱਖ ਦਾ ਅਥਾਹ ਵਾਧਾ ਹੋਇਆ ਹੈ। ਸਿੱਧੀ ਜਿਹੀ ਗੱਲ ਇਹ ਹੈ 'ਹਰੇ ਇਨਕਲਾਬ' ਨਾਲ ਭੁੱਖ ਦਾ ਸ਼ਿਕਾਰ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋਇਆ ਹੋਰ ਭਾਵੇਂ ਜਿਹਨੂੰ ਮਰਜੀ ਹੋਇਆ ਹੋਵੇ। ਜਿਨ੍ਹਾਂ ਨੂੰ ਫਾਇਦਾ ਹੋਇਆ ਆਉ ਦੇਖੀਏ ਉਹ ਕੌਣ ਹਨ।

'ਹਰੇ ਇਨਕਲਾਬ' ਤੋਂ ਅਸਲੀ ਫਾਇਦਾ ਉਨ੍ਹਾਂ ਨੂੰ ਹੋਇਆ ਹੈ ਜੋ ਖਾਦਾਂ, ਕੀਟਨਾਸ਼ਕ ਦਵਾਈਆਂ ਅਤੇ ਮਸ਼ੀਨਰੀ ਆਦਿ ਮੁਹੱਈਆ ਕਰਦੇ ਹਨ। ਇਸ ਸਮੇਂ ਦੁਨੀਆ ਵਿਚ ਹਰ ਸਾਲ 500 ਕਰੋੜ ( 5 ਬਿਲੀਅਨ) ਪੌਂਡ ਕੀਟਨਾਸ਼ਕ ਦਵਾਈਆਂ ਵਰਤੀਆਂ ਜਾ ਰਹੀਆਂ ਹਨ। ਖਾਦਾਂ ਦਾ ਵੀ ਇਹ ਹੀ ਹਾਲ ਹੈ। ਇਕੱਲੇ ਹਿੰਦੁਸਤਾਨ ਵਿਚ 1960-80 ਦੇ ਦੌਰਾਨ ਖਾਦਾਂ ਨੂੰ ਆਯਾਤ ਕਰਨ ਦੇ ਖਰਚਿਆਂ ਵਿਚ 600 ਪ੍ਰਤੀਸ਼ਤ ਵਾਧਾ ਹੋਇਆ ਹੈ। 'ਹਰੇ ਇਨਕਲਾਬ' ਲਈ ਚਾਹੀਦੀਆਂ ਇਹਨਾਂ ਜਰੂਰਤਾਂ ਦਾ ਵੱਡਾ ਹਿੱਸਾ ਵਿਕਸਤ ਦੇਸ਼ਾਂ ਵਿਚ ਪੈਦਾ ਹੁੰਦਾ ਹੈ ਅਤੇ ਅਣਵਿਕਸਤ ਦੇਸ਼ਾਂ ਨੂੰ ਆਯਾਤ ਕਰਨਾ ਪੈਂਦਾ ਹੈ। ਜਿਵੇਂ 1975 ਤੱਕ ਦੁਨੀਆਂ ਵਿਚ ਖਾਦਾਂ ਦੀ ਕੁਲ ਪੈਦਾਵਾਰ ਦਾ

ਸਿਰਫ 8 ਪ੍ਰਤੀਸ਼ਤ ਹੀ ਅਣਵਿਕਸਤ ਦੇਸ਼ਾਂ ਵਿਚ ਪੈਦਾ ਹੁੰਦਾ ਸੀ। ਇਹਨਾਂ ਵਿਚ ਜੋ ਥੋੜੀਆਂ ਬਹੁਤ ਅਣਵਿਕਸਤ ਦੇਸ਼ਾਂ ਵਿਚ ਬਣਦੀਆਂ ਵੀ ਹਨ ਉਨ੍ਹਾਂ ਦੇ ਕਾਰਖਾਨਿਆਂ ਵਿਚ ਵੀ ਵਿਕਸਤ ਦੇਸ਼ਾਂ ਦੀਆਂ ਵੱਡੀਆ ਕਾਰਪੋਰੇਸ਼ਨਾਂ ਦਾ ਹਿੱਸਾ ਹੁੰਦਾ ਹੈ । ਇਸ ਲਈ 'ਹਰੇ ਇਨਕਲਾਬ ਤੋਂ ਫਾਇਦਾ ਸੱਤ ਤੋਂ ਜਿਆਦਾ ਵਿਕਸਤ ਦੇਸ਼ਾਂ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਨੂੰ ਹੁੰਦਾ ਹੈ। ਇਹ ਕਾਰਪੋਰੇਸ਼ਨਾਂ ਆਪਣਾ ਫਾਇਦਾ ਕਮਾਉਣ ਲਈ ਗਰੀਬ ਦੇਸ਼ਾਂ ਦੇ ਲੋਕਾਂ ਦੀ ਜਾਨਮਾਲ ਨਾਲ ਕਿਵੇਂ ਖੇਡਦੀਆਂ ਹਨ ਇਸਦੀ ਸੱਤ ਤੋਂ ਵੱਡੀ ਉਦਾਹਰਣ 1984 ਦੇ ਅਖੀਰ ਵਿਚ ਭੁਪਾਲ ਵਿਚ ਯੂਨੀਅਨ ਕਾਰਬਾਈਡ ਦੇ ਕਾਰਖਾਨੇ ਵਿਚ ਵਾਪਰੀ ਗੈਸ ਲੀਕ ਨਾਲੋਂ ਵੱਧ ਕੋਈ ਹੋਰ ਨਹੀਂ ਹੋ ਸਕਦੀ। ਇਸਦੇ ਨਾਲ ਹੀ ਜਦੋਂ ਇਹ ਕਾਰਪੋਰੇਸ਼ਨਾਂ ਅਣਵਿਕਸਤ ਦੇਸ਼ਾਂ ਵਿਚ ਕਾਰਖਾਨੇ ਲਾਉਂਦੀਆਂ ਹਨ ਤਾਂ ਅਣਵਿਕਸਤ ਦੇਸ਼ਾਂ ਨੂੰ ਤਕਨੌਲੋਜੀ ਦਾ ਪੂਰਾ 'ਪੈਕੇਜ' ਖਰੀਦਣਾ ਪੈਂਦਾ ਹੈ। ਉਦਾਹਰਣ ਲਈ 1965-66 ਦੇ ਦੌਰਾਨ ਜਦੋਂ ਹਿੰਦੁਸਤਾਨ ਵਿਚ ਖਾਦਾਂ ਬਨਾਉਣ ਦਾ ਇਕ ਕਾਰਖਾਨਾ ਲੱਗ ਰਿਹਾ ਸੀ ਤਾਂ ਅਮਰੀਕਨਾਂ ਨੇ ਕਾਰਖਾਨੇ ਲਈ ਲੋੜੀਂਦੀ ਸਾਰੀ ਮਸ਼ੀਨਰੀ ਬਾਹਰੋਂ ਮੰਗਵਾਈ ਜਦੋਂ ਕਿ ਇਸ ਵਿਚੋਂ ਕੁੱਝ ਹਿੰਦੁਸਤਾਨ ਵਿਚ ਪ੍ਰਾਪਤ ਕੀਤੀ ਜਾ ਸਕਦੀ ਸੀ। ਇਸਦੇ ਨਾਲ ਹੀ ਉਨ੍ਹਾਂ ਕਾਰਖਾਨੇ ਵਿਚੋਂ ਤਰਲ-ਅਮੋਨੀਆ (liquid Ammonia) ਬਾਹਰੋਂ ਮੰਗਾ ਕੇ ਵਰਤੀ ਜੱਦ ਕਿ ਹਿੰਦੁਸਤਾਨ ਵਿਚ ਵੱਡੀ ਮਾਤਰਾ ਵਿਚ ਬਣਦੀ ਨੈਪਥਾ ਗੈਸ ਵੀ ਇਸ ਕੰਮ ਲਈ ਵਰਤੀ ਜਾ ਸਕਦੀ ਸੀ।

ਵੱਡੀਆ ਕਾਰਪੋਰੇਸ਼ਨਾਂ ਤੋਂ ਬਾਅਦ 'ਹਰੇ ਇਨਕਲਾਬ' ਤੋਂ ਫਾਇਦਾ ਉਠਾਉਣ ਵਾਲੇ ਹਨ ਬੈਂਕ। ਕਿਉਂਕਿ 'ਹਰੇ ਇਨਕਲਾਬ' ਲਈ ਚਾਹੀਦੀਆਂ ਜ਼ਰੂਰਤਾਂ ਟਰੈਕਟਰ, ਖਾਦਾਂ, ਕੀਟਨਾਸ਼ਕ ਦਵਾਈਆਂ ਆਦਿ ਮਹਿੰਗੀਆਂ ਹੋਣ ਕਰਕੇ ਕਿਸਾਨਾਂ ਨੂੰ ਬੈਂਕਾਂ ਤੋਂ ਕਰਜੇ ਲੈਣੇ ਪੈਂਦੇ ਹਨ। ਨਤੀਜੇ ਵਜੋਂ ਅਣਵਿਕਸਤ ਦੇਸ਼ਾਂ ਦੇ ਬਹੁਗਿਣਤੀ ਕਿਸਾਨ ਕਰਜਿਆਂ ਦੇ ਭਾਰ ਹੇਠ ਦੱਬੇ ਜਾ ਰਹੇ ਹਨ। ਇਸ ਗੱਲ ਦਾ ਵਧੀਆ ਸਬੂਤ ਹਿੰਦੁਸਤਾਨ ਵਿਚ 'ਹਰੇ ਇਨਕਲਾਬ' 'ਚ ਮੁਹਰੇ ਪ੍ਰਾਂਤ ਪੰਜਾਬ ਦੇ ਕਿਸਾਨ ਹਨ। ਉਨ੍ਹਾਂ ਦੇ ਕਰਜਿਆਂ ਤੋਂ ਫਾਇਦਾ ਉਠਾ ਰਹੇ ਹਨ ਬੈਂਕ।

'ਹਰੇ ਇਨਕਲਾਬ' ਨਾਲ ਜਿਹੜੇ ਹੋਰ ਅਸਰ ਅਣਵਿਕਸਤ ਦੇਸ਼ਾਂ ਵਿਚ ਪੈ ਰਹੇ ਹਨ ਉਹ ਸੰਖੇਪ ਵਿਚ ਇਸ ਤਰ੍ਹਾਂ ਹਨ। ਇਕੋ ਤਰ੍ਹਾਂ ਦੀਆਂ ਫਸਲਾਂ ਬੀਜਣ ਨਾਲ ਜਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਨਤੀਜੇ ਵਜੋਂ ਜਮੀਨ ਦੀ ਉਪਜਾਊ ਸ਼ਕਤੀ ਕਾਇਮ ਰੱਖਣ ਲਈ ਹਰ ਸਾਲ ਖਾਦਾਂ ਦੀ ਵੱਧ ਵਰਤੋਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਜਿਥੇ ਚਾਰ ਦਹਾਕੇ ਪਹਿਲਾਂ ਇਕ ਟਨ ਖਾਦਾਂ ਦੀ ਵਰਤੋਂ ਅਤੇ ਅਨਾਜ ਦੀ ਪੈਦਾਵਾਰ ਵਿਚ 15:1 ਦਾ ਅਨੁਪਾਤ ਸੀ ਹੁਣ ਇਹ ਘੱਟ ਕੇ 7:1 ਰਹਿ ਗਿਆ ਹੈ। ਨਤੀਜੇ ਵਜੋਂ ਅਨਾਜ ਉਗਾਉਣਾ ਮਹਿੰਗਾ ਹੋਈ ਜਾ ਰਿਹਾ ਹੈ ਅਤੇ ਭੁੱਖ ਦਾ ਸ਼ਿਕਾਰ ਆਮ ਲੋਕਾਂ ਦੀ ਪਹੁੰਚ ਤੋਂ ਦੂਰ। ਇਕ ਤਰ੍ਹਾਂ ਦੀਆਂ ਫਸਲਾਂ ਬੀਜਣ ਨਾਲ ਫਸਲਾਂ ਦੀ ਬੀਮਾਰੀਆਂ ਨਾਲ ਲੜਨ ਦੀ ਸ਼ਕਤੀ ਘੱਟਦੀ ਜਾ ਰਹੀ ਹੈ ਸਿੱਟੇ ਵਜੋਂ ਕੀਟਨਾਸ਼ਕ ਦਵਾਈਆਂ ਦੀ ਵੱਧ ਵਰਤੋਂ ਦੀ ਲੋੜ ਪੈ ਰਹੀ ਹੈ। ਬੇਸ਼ੱਕ 1940 ਤੋਂ ਬਾਅਦ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਵਿਚ ਅਥਾਹ ਵਾਧਾ ਹੋਇਆ ਹੈ ਪਰ ਇਸੇ ਸਮੇਂ ਦੌਰਾਨ ਕੀੜਿਆਂ ਤੋਂ ਲੱਗਣ ਵਾਲੀਆਂ ਬੀਮਾਰੀਆਂ ਕਾਰਨ ਫਸਲਾਂ ਦੇ ਨੁਕਸਾਨ ਵਿਚ 32 ਪ੍ਰਤੀਸ਼ਤ ਤੋਂ 37 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਕੀਟਨਾਸ਼ਕ ਦਵਾਈਆਂ ਦੀ ਵਰਤੋਂ ਨਾਲ ਖੇਤਾਂ ਵਿਚ ਕੰਮ ਕਰਨ ਵਾਲੇ ਅਤੇ ਆਮ ਲੋਕਾਂ ਦੀਆਂ ਸਿਹਤਾਂ ਤੇ ਅਸਰ ਪੈ ਰਿਹਾ ਹੈ। ਇਕੱਲੇ ਮਲੇਸ਼ੀਆ ਵਿਚ ਸੰਨ 1985 ਵਿਚ ਪਾਰਕੁਐ (paraquat) ਨਾਂ ਦੀ ਕੀਟਨਾਸ਼ਕ ਦਵਾਈ ਕਾਰਨ 1200 ਮੌਤਾਂ ਹੋਈਆਂ ਹਨ। ਡੀ.ਡੀ.ਟੀ. ਦੀ ਵੱਧ ਵਰਤੋਂ ਕਾਰਨ ਮੱਛਰਾਂ ਵਿਚ ਇਸ ਦਵਾਈ ਤੋਂ ਬੱਚਣ ਦੀ ਸ਼ਕਤੀ ਪੈਦਾ ਹੋ ਰਹੀ ਹੈ। ਨਤੀਜੇ ਵਜੋਂ ਅਣਵਿਕਸਤ ਦੇਸ਼ਾਂ ਵਿਚ ਜਿਥੇ ਸੱਠਵਿਆਂ ਦੇ ਸ਼ੁਰੂ ਵਿਚ ਮਲੇਰੀਏ ਦੀ ਬੀਮਾਰੀ ਖਤਮ ਹੋ ਗਈ ਸਮਝੀ ਜਾਂਦੀ ਸੀ ਹੁਣ ਉਹ ਫਿਰ ਲੱਗਣੀ ਸ਼ੁਰੂ ਹੋ ਗਈ ਹੈ। 'ਹਰੇ ਇਨਕਲਾਬ' ਨਾਲ ਹੁੰਦੀ ਪੈਦਾਵਾਰ ਮਹਿੰਗੀ ਹੋਣ ਕਾਰਨ ਅਣਵਿਕਸਤ ਦੇਸ਼ ਨਿਰਯਾਤੀ ਫਸਲਾਂ ਉਗਾਉਣ ਲੱਗ ਪਏ ਹਨ ਨਤੀਜੇ ਵਜੋਂ ਇਨ੍ਹਾਂ ਦੇਸ਼ਾਂ ਦੇ ਭੁੱਖੇ ਲੋਕਾਂ ਦੀਆਂ ਲੋੜਾਂ ਅੱਖੋਂ ਉਹਲੇ ਹੋ ਰਹੀਆਂ ਹਨ।

ਇਸ ਤਰ੍ਹਾਂ ਹੁਣ ਤੱਕ ਇਹ ਸਪੱਸ਼ਟ ਹੋ ਗਿਆ ਹੈ ਕਿ ਪੈਦਾਵਾਰ ਵਧਾਉਣ ਲਈ ਵਿਕਸਤ ਦੇਸ਼ਾਂ ਵਲੋਂ ਤਕਨੌਲੋਜੀ ਦੀ ਵਰਤੋਂ ਦੀ ਜੋ ਵਕਾਲਤ ਕੀਤੀ ਜਾ ਰਹੀ ਹੈ ਉਸ ਨਾਲ ਅਣਵਿਕਸਤ ਦੇਸ਼ਾਂ ਵਿਚ ਭੁੱਖ ਦੂਰ ਕਰਨ ਵਿਚ ਕੋਈ ਬਹੁਤੀ ਸਹਾਇਤਾ ਨਹੀਂ ਮਿਲ ਰਹੀ ਸਗੋਂ ਕਈ ਕਾਰਨਾਂ ਕਰਕੇ ਭੁੱਖ ਵਿਚ ਵਾਧਾ ਹੋ ਰਿਹਾ ਹੈ। ਜੇ ਕੋਈ ਫਾਇਦਾ ਹੋ ਰਿਹਾ ਹੈ ਤਾਂ ਵਿਕਸਤ ਦੇਸ਼ਾਂ ਨੂੰ ਹੋ ਰਿਹਾ ਹੈ। ਏਥੇ ਇਹ ਗੱਲ ਵੀ ਸਪੱਸ਼ਟ ਕਰ ਦੇਣੀ ਜਰੂਰੀ ਹੈ ਕਿ ਉਪਰਲੀ ਗੱਲਬਾਤ ਤੋਂ ਇਹ ਵੀ ਅਰਥ ਨਹੀਂ ਕੱਢ ਲੈਣਾ ਚਾਹੀਦਾ ਕਿ ਅਣਵਿਕਸਤ ਦੇਸ਼ਾਂ ਨੂੰ ਆਪਣੀ ਭੁੱਖ ਦੂਰ ਕਰਨ ਵਿਚ ਤਕਨੌਲੋਜੀ ਦੀ ਲੋੜ ਨਹੀਂ। ਉਹਨਾਂ ਨੂੰ ਤਕਨੌਲੋਜੀ ਦੀ ਲੋੜ ਹੈ ਪਰ ਇਹ ਜਰੂਰੀ ਹੈ ਕਿ ਇਹ ਤਕਨੌਲੋਜੀ ਉਹਨਾਂ ਨੇ ਆਪਣੀਆਂ ਲੋੜਾਂ ਨੂੰ ਮੁੱਖ ਰੱਖਕੇ ਆਪ ਤਿਆਰ ਕੀਤੀ ਜਾਂ ਆਯਾਤ

ਕੀਤੀ ਹੋਵੇ ਨਾ ਕਿ ਹੁਣ ਮੁਤਾਬਕ ਪੱਛਮੀ ਵਿਕਸਤ ਦੇਸ਼ਾਂ ਨੇ ਉਹਨਾਂ ਉਪਰ ਠੋਸੀ ਹੋਵੇ। ਜਿੰਨ੍ਹੀ ਦੇਰ ਇਸ ਤਰ੍ਹਾਂ ਰਹੇਗਾ ਤਕਨੋਲੋਜੀ ਦਾ ਅਸਲ ਫਾਇਦਾ ਪੱਛਮੀ ਵਿਕਸਤ ਦੇਸ਼ਾਂ ਨੂੰ ਹੀ ਹੁੰਦਾ ਰਹੇਗਾ ਕਿਉਂਕਿ ਉਤਪਾਦਨ ਦੇ ਹੋਰ ਸਾਧਨਾ ਵਾਂਗ ਤਕਨੋਲੋਜੀ ਵੀ ਨਿਰਪੱਖ ਨਹੀਂ ਹੁੰਦੀ।

ਹੁਣ ਤੱਕ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਪੈਦਾਵਾਰ ਵਧਾਉਣ ਲਈ ਜਿਹੜੇ ਸਾਧਨਾਂ ਜਾਂ ਢੰਗਾਂ ਦੀ ਵਿਕਸਤ ਦੇਸ਼ਾਂ ਵਲੋਂ ਵਕਾਲਤ ਕੀਤੀ ਜਾਂਦੀ ਹੈ ਉਹ ਬਹੁਤ ਮਹਿੰਗੇ ਹਨ। ਦੁਨੀਆਂ ਪੱਧਰ ਦੀ ਫੂਡ ਅਤੇ ਐਗਰੀਕਲਚਰਲ ਐਸੋਸੀਏਸ਼ਨ ਦੀ ਇਕ ਵੱਡੀ ਸਟੱਡੀ ਮੁਤਾਬਕ ਸੰਨ 1980-2000 ਤੱਕ ਖਾਣੇ ਦੀ ਪੈਦਾਵਾਰ ਵਿਚ 3.7 ਪ੍ਰਤੀਸ਼ਤ ਦਾ ਵਾਧੇ ਦੀ ਆਸ ਹੈ। ਪਰ ਇਸ ਟੀਚੇ ਨੂੰ ਪੂਰਾ ਕਰਨ ਲਈ 1690000000000 (ਹਾਂ, ਜੀ ਦਸ ਸਿਫਰਾਂ) ਡਾਲਰ ਖਰਚ ਆਉਣਗੇ। ਅਣਵਿਕਸਤ ਦੇਸ਼ ਜਿਨ੍ਹਾਂ ਨੂੰ ਹਮੇਸ਼ਾਂ ਰਕਮ ਦੀ ਤੰਗੀ ਰਹਿੰਦੀ ਹੈ ਉਹ ਇਨ੍ਹੀ ਵੱਡੀ ਰਕਮ ਕਿੱਥੋਂ ਲਿਆਉਂਦੇ ਹਨ? ਸਾਫ ਜ਼ਾਹਰ ਹੈ ਕਿ ਉਨ੍ਹਾਂ ਨੂੰ ਇਸ ਲਈ ਸੰਸਾਰ ਪੱਧਰ ਦੇ ਬੈਂਕਾ ਜਿਵੇਂ ਵਰਲਡ ਬੈਂਕ, ਇੰਟਰਨੈਸ਼ਨਲ ਮੋਨੀਟਰੀ ਫੰਡ ਆਦਿ ਤੋਂ ਕਰਜ਼ੇ ਲੈਣਾ ਪੈਂਦਾ ਹੈ। ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਇਹ ਦੇਸ਼ ਆਪਣੇ ਫੈਸਲੇ ਆਪ ਕਰਨ ਦੀ ਆਜ਼ਾਦੀ ਗਵਾ ਲੈਂਦੇ ਹਨ। ਇਹ ਬੈਂਕ ਉਹਨਾਂ ਦੀਆਂ ਆਰਥਿਕ ਪਾਲਸੀਆਂ ਤਿਆਰ ਕਰਦੇ ਹਨ ਜੋ ਉੱਥੋਂ ਦੇ ਗਰੀਬ ਅਤੇ ਭੁੱਖੇ ਲੋਕਾਂ ਦੇ ਦੁੱਖਾਂ ਨੂੰ ਹੋਰ ਵਧਾਉਂਦੀਆਂ ਹਨ। ਜਿਵੇਂ ਕਈ ਦੇਸ਼ਾਂ ਵਿੱਚ ਅੰਤਰਰਾਸ਼ਟਰੀ ਮੋਨਟਰੀ ਫੰਡ ਜੋ ਆਰਥਿਕ ਪਾਲਸੀ ਬਣਾਈ ਹੈ ਉਸਦੇ ਕੁੱਝ ਮੁੱਦੇ ਇਸ ਪ੍ਰਕਾਰ ਹਨ:
ਉੱਥੋਂ ਦੀ ਸਥਾਨਕ ਕਰੰਸੀ ਦੀ ਕੀਮਤ ਵੱਡੀ ਪੱਧਰ ਤੇ ਡੇਗਣਾ, ਸਮਾਜਿਕ ਸੇਵਾਵਾਂ ਵਿੱਚ ਕਟੌਤੀਆਂ ਕਰਨਾ, ਖਾਣ ਪੀਣ ਦੀਆਂ ਵਸਤਾ ਲਈ ਦਿੱਤੀਆਂ ਜਾਂਦੀਆਂ ਆਰਥਿਕ ਮਦਦ ਤੇ ਵੱਡੀ ਪੱਧਰ ਤੇ ਰੋਕਾਂ ਲਾਉਣਾ।

ਦੁਨੀਆਂ ਵਿਚ ਭੁੱਖ ਦੂਰ ਕਰਨ ਲਈ ਵਿਕਸਤ ਦੇਸ਼ਾਂ ਖਾਸ ਕਰਕੇ ਅਮਰੀਕਾ ਦੀ ਪਾਲਸੀ ਦਾ ਇਕ ਹਿੱਸਾ ਇਹ ਵੀ ਹੈ ਕਿ ਜੇ ਕੋਈ ਵੀ ਦੇਸ਼ ਭੁੱਖ ਦੀਆਂ ਆਪਣੀਆਂ ਸੱਮਸਿਆਵਾਂ ਦੂਰ ਕਰਨ ਲਈ ਉਪਰਲੀ ਬਿਆਨੀ ਪਾਲਸੀ ਤੋਂ ਪਾਸੇ ਹੱਟਕੇ ਵੱਖਰੀ ਪਾਲਸੀ ਅਪਣਾਵੇ ਤਾਂ ਉਸਨੂੰ ਕਾਮਯਾਬ ਹੋਣ ਤੋਂ ਰੋਕਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨਾ। ਉਸਦੇ ਯਤਨਾਂ ਅੱਗੇ ਹਰ ਤਰ੍ਹਾਂ ਦੇ ਰੋੜ੍ਹੇ ਅਟਕਾਉਣਾ। ਜੇ ਲੋੜ ਪਵੇ ਤਾਂ ਫੋਜ ਦੀ ਵਰਤੋਂ ਕਰਨੋ ਵੀ ਨਹੀਂ ਝਿਜਕਨਾ। ਇਸ ਦੀਆਂ ਅਣਗਿਣਤ ਉਦਾਹਰਣਾਂ ਹਨ। 1959 ਤੋਂ ਬਾਅਦ ਕਿਊਬਾ ਨੇ ਇਸ ਪਾਸੇ ਕਦਮ ਉਠਾਏ ਹਨ ਪਰ ਉਸਨੂੰ ਉਦੋਂ ਤੋਂ ਅਮਰੀਕਾ ਵਲੋਂ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਵਲੋਂ ਉਸਦਾ ਆਰਥਿਕ ਬਾਈਕਾਟ ਕੀਤਾ ਹੋਇਆ ਹੈ। ਇਸਦੇ ਨਾਲ ਹੀ ਕਿਊਬਾ ਨੂੰ ਅਮਰੀਕਾ ਵਲੋਂ ਫੌਜੀ ਖਤਰੇ ਦਾ ਸਾਹਮਣਾ ਕਰਨਾ ਪਿਆ ਹੈ। ਅੰਗੋਲਾ ਅਤੇ ਮੋਜ਼ਬੀਕ ਨੂੰ ਅੰਤਰਰਾਸ਼ਟਰੀ ਬਾਈਕਾਟ ਦਾ ਹੀ ਸਾਹਮਣਾ ਨਹੀਂ ਕਰਨਾ ਪਿਆ ਸਗੋਂ ਸਾਊਥ ਅਫਰੀਕਾ ਅਤੇ ਅਮਰੀਕਾ ਦੀ ਮਦਦ ਪ੍ਰਾਪਤ ਸੱਜ ਪਿਛਾਖੜ ਤਾਕਤਾਂ ਕਾਰਨ ਫੌਜੀ ਤਬਾਹੀ ਦਾ ਵੀ ਸਾਹਮਣਾ ਕਰਨਾ ਪਿਆ ਹੈ। ਚਿੱਲੀ ਵਿਚ ਪ੍ਰੈਜ਼ੀਡੈਂਟ ਐਲੇਂਡੇ ਦੀ ਅਗਵਾਈ ਵਾਲੀ ਸਰਕਾਰ ਨੇ ਜਦੋਂ ਇਸ ਪਾਸੇ ਵਲ ਕਦਮ ਉਠਾਉਣ ਦੀ ਕੋਸ਼ਿਸ ਕੀਤੀ ਤਾਂ ਅਮਰੀਕਾ ਨੇ ਸੀ. ਆਈ. ਏ. ਦੀ ਮੱਦਦ ਨਾਲ ਰਾਜਪਲਟਾ ਕਰਵਾ ਦਿੱਤਾ। ਅੱਜ ਦੀ ਤਾਜ਼ਾ ਉਦਾਹਰਣ ਨਿਕਰਾਗੁਆ ਦੀ ਹੈ। 1979 ਦੇ ਇਨਕਲਾਬ ਤੋਂ ਬਾਅਦ ਅਮਰੀਕਾ ਵਲੋਂ ਨਿਕਰਾਗੁਆ ਉਪਰ ਹਰ ਤਰ੍ਹਾਂ ਦੇ ਦਬਾਅ ਪਾਇਆ ਗਿਆ ਹੈ। ਕਿਊਬਾ ਵਾਂਗ ਨਿਕਰਾਗੁਆ ਨੂੰ ਵੀ ਆਰਥਿਕ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਹੈ। 1981 ਵਿਚ ਅਮਰੀਕਨ ਸਰਕਾਰ ਨੇ ਨਿਕਰਾਗੁਆ ਲਈ ਕਣਕ ਦਾ ਕਰੈਡਿਟ ਕੈਂਸਿਲ ਕਰ ਦਿੱਤਾ । 1982 ਵਿਚ ਸਟੈਂਡਰਡ ਫਰੂਟ ਕਾਰਪੋਰੇਸ਼ਨ ਨੇ ਨਿਕਰਾਗੁਆ ਨਾਲ ਕੇਲਿਆਂ ਦਾ ਸਮਝੌਤਾ ਕੈਂਸਿਲ ਕਰ ਦਿੱਤਾ। ਮਈ 1983 ਵਿਚ ਅਮਰੀਕਨ ਸਰਕਾਰ ਨੇ ਨਿਕਰਾਗੁਆ ਦੀ ਖੰਡ ਦਾ ਕੋਟਾ 90 ਪ੍ਰਤੀਸ਼ਤ ਘਟਾ ਦਿੱਤਾ। 1983 ਵਿਚ ਹੀ ਅਮਰੀਕਾ ਇਨਕਲਾਬ ਵਿਰੋਧੀ ਕੌਂਟਰਾਜ਼ ਦੀ ਨੰਗੀ ਚਿੱਟੇ ਰੂਪ ਵਿਚ ਮਦਦ ਕਰਨ ਲੱਗ ਪਿਆ। 1986 ਤਕ ਨਿਕਰਾਗੁਆ ਨੂੰ ਕੌਮੀ ਬੱਜਟ ਦਾ ਅੱਧਾ ਹਿੱਸਾ ਕੌਂਟਰਾਜ਼ ਦੇ ਫੌਜੀ ਹਮਲਿਆਂ ਤੋਂ ਆਪਣੀ ਰੱਖਿਆ ਕਰਨ ਲਈ ਖਰਚਣਾ ਪੈ ਰਿਹਾ ਸੀ।

ਉਪਰਲੀ ਗੱਲਬਾਤ ਤੋਂ ਇਹ ਸਪਸ਼ਟ ਹੈ ਕਿ ਦੁਨੀਆਂ 'ਚ ਭੁੱਖ ਪੈਦਾ ਕਰਨ ਅਤੇ ਕਾਇਮ ਕਰਨ ਵਿਚ ਵਿਕਸਤ ਦੇਸ਼ਾਂ ਖਾਸ ਕਰਕੇ ਅਮਰੀਕਾ ਦੀ ਪਾਲਸੀ ਦਾ ਵੱਡਾ ਹੱਥ ਹੈ। ਬੇਸ਼ੱਕ ਇਨ੍ਹਾਂ ਦੇਸ਼ਾਂ ਵਲੋਂ ਇਹ ਜਤਾਇਆ ਜਾਂਦਾ ਹੈ ਕਿ ਇਹ ਪਾਲਸੀ ਅਣਵਿਕਸਤ ਦੇਸ਼ਾਂ ਵਿਚ ਭੁੱਖ ਦੂਰ ਕਰਨ ਵਿਚ ਮਦਦ ਕਰੇਗੀ ਪਰ ਅਸਲੀਅਤ ਇਸ ਤੋਂ ਕੋਹਾਂ ਦੂਰ ਹੈ। ਅਸਲ ਵਿਚ ਇਹ ਪਾਲਸੀ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਅਤੇ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਦੇ ਫਾਇਦੇ ਅਤੇ ਅਣਵਿਕਸਤ ਦੇਸ਼ਾਂ ਤੋਂ ਵਿਕਸਤ ਦੇਸ਼ਾਂ ਦੇ ਪਹਿਲਾਂ ਹੀ ਰੱਜੇ ਪੁੱਜੇ ਲੋਕਾਂ ਦੀ ਅਨੰਦਪੂਰਤੀ ਦੀਆਂ ਵਸਤਾਂ ਪ੍ਰਾਪਤ ਕਰਨ ਦੀ ਪਾਲਸੀ ਹੈ। ਸਿੱਧੇ ਸ਼ਬਦਾਂ ਵਿਚ ਇਸ ਪਾਲਸੀ ਨਾਲ ਅਣਵਿਕਸਤ ਦੇਸ਼ਾਂ ਵਿਚ ਭੁੱਖ ਹੋਰ ਵਧਦੀ ਹੈ ਅਤੇ ਵਿਕਸਤ ਦੇਸ਼ ਉਸਤੋਂ ਮੁਨਾਫਾ ਕਮਾਉਂਦੇ ਹਨ।

# ਪੁਸਤਕ ਪਰਿਚੈ

ਕੌੜਾ ਸ਼ਰਬਤ (ਗ਼ਜ਼ਲ ਸੰਗ੍ਰਹਿ) ਲੇਖਕ: ਇੰਦਰੇਸ਼
ਆਰਸੀ ਪਬਲਿਸ਼ਰਜ਼, ਦਿੱਲੀ; ਮੁੱਲ: 35 ਰੁਪਏ; ਪੰਨੇ: 64।

ਪੰਜਾਬੀ ਸਾਹਿਤ ਵਿੱਚ ਪਿਛਲੇ ਡੇਢ ਕੁ ਦਹਾਕੇ ਤੋਂ ਗਜ਼ਲਾਂ ਲਿਖਣ ਦਾ ਇੱਕ ਨਵਾਂ ਰੁਝਾਨ ਪੈਦਾ ਹੋਇਆ ਹੈ। ਏਥੋਂ ਤੱਕ ਕਿ ਜੁਝਾਰਵਾਦੀ ਸ਼ਾਇਰ ਤੇ ਪ੍ਰਗਤੀਵਾਦੀ ਸ਼ਾਇਰ ਵੀ ਇਸ ਰੁਝਾਨ ਵੱਲ ਬੜੀ ਸ਼ਿਦਤ ਨਾਲ ਪ੍ਰੇਰਿਤ ਹੋਏ ਹਨ। ਦਰਸ਼ਨ ਸਿੰਘ ਅਵਾਰਾ, ਤਖ਼ਤ ਸਿੰਘ ਆਦਿ ਸ਼ਾਇਰ ਉਰਦੂ ਵਲੋਂ ਆਉਣ ਕਾਰਨ ਗਜ਼ਲਾਂ ਵੱਲ ਪ੍ਰੇਰਿਤ ਹੋਏ ਸਨ ਪਰ ਸੱਤਰਵਿਆਂ ਤੋਂ ਜਗਤਾਰ, ਮੀਸ਼ਾ, ਸੁਰਜੀਤ ਰਾਮਪੁਰੀ ਅਤੇ ਫਿਰ ਹਰਭਜਨ ਹੁੰਦਲ, ਸੁਰਜੀਤ ਪਾਤਰ ਤੇ ਇਥੋਂ ਤੱਕ ਕਿ ਨਕਸਲੀ ਸਾਹਿਤ ਨਾਲ ਸਬੰਧਤ ਹਰਭਜਨ ਹਲਵਾਰਵੀ ਵਰਗੇ ਸ਼ਾਇਰ ਵੀ ਗਜ਼ਲ ਵੱਲ ਪਰਤ ਆਏ। ਅਜੋਕੇ ਸਮੇਂ ਵਿਚ ਗ਼ਜ਼ਲ ਉਸ ਤਰ੍ਹਾਂ ਦੇ ਪ੍ਰੰਪਰਾਵਾਦੀ ਚੋਖਟੇ ਵਿਚ ਵੀ ਨਹੀਂ ਬੱਝੀ ਰਹੀ ਸਗੋਂ ਸਮੱਗਰੀ ਅਤੇ ਰੂਪ ਦੋਹਾਂ ਪੱਖਾਂ ਤੋਂ ਹੀ ਗ਼ਜ਼ਲ ਨੇ ਬਹੁਤ ਖੁਲ੍ਹ ਹਾਸਲ ਕਰ ਲਈ ਹੈ।

ਕੈਨੇਡਾ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸ਼ਾਇਰ ਨੇ ਆਪਣੀ ਮੁਕੰਮਲ ਪੁਸਤਕ ਗ਼ਜ਼ਲਾਂ ਦੀ ਲਿਖੀ ਹੋਵੇ। ਇਸ ਪਹਿਲ ਦਾ ਸਿਹਰਾ ਇੰਦਰੇਸ਼ ਦੇ ਸਿਰ ਬੱਝਦਾ ਹੈ। ਬੇਸ਼ਕ ਪੁਖ਼ਤਗੀ ਦੇ ਪੱਖੋਂ ਕੈਨੇਡਾ ਵਿਚ ਗੁਰਚਰਨ ਰਾਮਪੁਰੀ ਹੀ ਅਜਿਹਾ ਗ਼ਜ਼ਲਗੋ ਹੈ ਜਿਸਦੀਆਂ ਗ਼ਜ਼ਲਾਂ ਬੰਦਸ਼ ਦੇ ਹਿਸਾਬ ਨਾਲ ਪੂਰੀਆਂ ਉਤਰਦੀਆਂ ਹਨ। ਪਰ ਰਾਮਪੁਰੀ ਦੀ ਸਾਹਿਤ ਵਿਚ ਸਥਾਪਤੀ ਮੁਖ ਤੌਰ ਤੇ ਗ਼ਜ਼ਲ ਪੱਖੋਂ ਨਹੀਂ ਸਗੋਂ ਉਸਦੀ ਪ੍ਰਗਤੀਵਾਦੀ ਕਵਿਤਾ ਕਾਰਨ ਸੰਭਵ ਹੋਈ ਹੈ।

ਇੰਦਰੇਸ਼ ਦੀ ਬੇਸ਼ਕ ਇਹ ਪਹਿਲੀ ਪੁਸਤਕ ਹੈ, ਪਰ ਉਸਦੀਆਂ ਗ਼ਜ਼ਲਾਂ ਵਿਚ ਅਜਿਹੇ ਸ਼ੇਅਰ ਮੌਜੂਦ ਹਨ ਜਿਨ੍ਹਾਂ ਤੋਂ ਇਹ ਆਸ ਬੱਝਦੀ ਹੈ ਕਿ ਇੰਦਰੇਸ਼ ਜੇ ਲਗਾਤਾਰ ਲਿਖਦਾ ਰਿਹਾ ਤਾਂ ਉਹ ਛੇਤੀ ਹੀ ਚੰਗੇ ਸ਼ਾਇਰ ਵਜੋਂ ਸਥਾਪਤ ਹੋਣ ਦੀਆਂ ਸੰਭਾਵਨਾਵਾਂ ਰੱਖਦਾ ਹੈ। ਕੁਝ ਸ਼ੇਅਰ ਦੇਖੋ:

"ਸੀ ਦੋਸ਼ ਉਹਦਾ ਇੰਨਾ, ਦਿਨ ਨੂੰ ਸੀ ਤਾਰੇ ਫੜਦਾ
ਨੇਰ੍ਹੇ ਨੇ ਚਾੜ੍ਹ ਦਿੱਤਾ, ਉਸ ਨੂੰ ਸਲੀਬ ਤੇ ।"

"ਅੱਗਾਂ ਉਤੇ ਤੁਰ ਤੁਰ ਕੇ ਹਾਂ ਬੜੇ ਹੋਏ।
ਇਸੇ ਲਈ ਕੁਝ ਨਕਸ਼ ਅਸਾਡੇ ਸੜੇ ਹੋਏ।

"ਬਣ ਗਏ ਹਾਂ ਪਰਵਾਸੀ, ਛੱਡ ਕੇ ਵਤਨਾਂ ਨੂੰ,
ਵਾਪਸ ਕਿਸੇ ਨਾ ਜਾਣਾ, ਰੋਣਾ ਭੁੱਖਾਂ ਦਾ।"

ਹੋਰ ਦੇਖੋ:

"ਹੋਇਆ ਹੈ ਅੱਜ ਖ਼ੂਨ ਦਾ ਰੰਗ ਸਫੈਦ ਜਿਹਾ
ਇਕੋ ਜੰਗਲ ਦੇ ਬ੍ਰਿਛ ਨੇ ਰੱਖਦੇ ਖਹਿ ਮਿੱਤਰੋ।"

"ਸਤਲੁਜ ਦੇ ਕੰਢੇ ਬਹਿ ਕੇ, ਲੋਕਾਂ ਨੂੰ ਰੋਣ ਆਵੇ
ਯਾਦ ਜਦ ਵੀ ਆਵੇ, ਜਿਹਲਮ ਚਨਾਬ ਦੀ।"

ਫਿਰ:

ਧਰਮ ਦਿਆਂ ਯੁੱਧਾਂ 'ਚ ਰਹੀ ਧਰਤ ਵਾਂਝੀ,
ਅਸਲ ਆਦਮੀ ਦਾ ਹੋ ਨੰਗਾ ਤੁਰੇ।

ਇੰਦਰੇਸ਼ ਕੋਲ ਵਿਚਾਰ ਵੀ ਹਨ ਤੇ ਉਨ੍ਹਾਂ ਵਿਚਾਰਾਂ ਨੂੰ ਅਭਿਵਿਅਕਤ ਕਰਨ ਦਾ ਵਲ ਵੀ ਹੈ। ਪਰ ਗ਼ਜ਼ਲਾਂ ਵਿਚ ਕੁਝ ਅਜਿਹੇ ਸ਼ੇਅਰ ਵੀ ਹਨ ਜੋ ਹੋਰ ਮਿਹਨਤ ਦੀ ਮੰਗ ਕਰਦੇ ਸਨ। ਇਕ ਗਲ ਜੋ ਬਹੁਤ ਖਟਕਦੀ ਹੈ ਉਹ ਇਹ ਹੈ ਕਿ 64 ਪੰਨਿਆਂ ਦੀ ਪੁਸਤਕ ਵਿਚ ਪੰਜ ਪੰਨੇ ਹੋਰਨਾਂ ਸ਼ਾਇਰਾਂ ਦੇ ਸ਼ੇਅਰਾਂ ਨਾਲ ਭਰੇ ਗਏ ਹਨ ਤੇ 12 ਪੰਨੇ ਦਾ ਸੁਰਿੰਦਰ ਧੰਜਲ ਦਾ ਮੁੱਖਬੰਧ ਹੈ- ਇਸ ਤਰ੍ਹਾਂ, ਗ਼ਜ਼ਲਾਂ ਲਈ ਕੇਵਲ 34 ਪੰਨੇ ਹੀ ਬਾਕੀ ਬਚੇ ਹਨ। ਪਰ ਇਸ ਦੇ ਬਾਵਜੂਦ ਇੰਦਰੇਸ਼ ਦੀਆਂ ਗ਼ਜ਼ਲਾਂ ਪੜ੍ਹਕੇ ਇਕ ਹੌਂਸਲਾ ਜ਼ਰੂਰ ਬੱਝਦਾ ਹੈ ਕਿ ਇੰਦਰੇਸ਼ ਵਿਚ ਕਾਵਿਕਤਾ ਦਾ ਅੰਸ਼ ਹੋਰ ਵੀ ਭਰਪੂਰਤਾ ਨਾਲ ਉਜਾਗਰ ਹੋਵੇਗਾ। ਕੈਨੇਡਾ ਦੇ ਕਵੀਆਂ ਵਿਚ ਗ਼ਜ਼ਲ ਲਿਖਣ ਦਾ ਝੁਕਾਅ ਬਹੁਤ ਘੱਟ ਹੈ। ਜੇਕਰ ਇੰਦਰੇਸ਼ ਇਸ ਵਿਲੱਖਣ ਵੰਨਗੀ ਵੱਲ ਪੂਰੀ ਤਰ੍ਹਾਂ ਧਿਆਨ ਦੇਵੇ ਅਤੇ ਆਪਣਾ ਵਿਸ਼ਾ-ਵਸਤੂ ਵੀ ਕੈਨੇਡੀਅਨ ਜਿੰਦਗੀ ਅਨੁਸਾਰ ਅਪਣਾਵੇ ਤਾਂ ਉਹ ਆਪਣੇ ਵੱਖਰੇ ਹਸਤਾਖ਼ਰ ਸਥਾਪਤ ਕਰ ਸਕਣ ਦੇ ਸਮਰੱਥ ਹੋ ਸਕਦਾ ਹੈ।

ਪੁਸਤਕ ਆਰਸੀ ਪਬਲਿਸ਼ਰਜ਼ ਵਾਲਿਆਂ ਬਹੁਤ ਵਧੀਆ ਛਾਪੀ ਹੈ।

— — — — — — — —

ਚੂਰੀ (ਕਾਵਿ ਸੰਗ੍ਰਹਿ)
ਲੇਖਕ: ਨਰਿੰਦਰ ਬਾਈਆ ਅਰਸ਼ੀ
ਵਾਰਿਸ ਪਬਲਿਸ਼ਰਜ, ਚੰਡੀਗੜ੍ਹ; ਮੁੱਲ: 65 ਰੁਪਏ

ਨਰਿੰਦਰ ਬਾਈਆ ਅਰਸ਼ੀ ਦੀ "ਚੂਰੀ " ਪਹਿਲਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਮੁੱਖ ਤੌਰ ਤੇ ਬੇਸ਼ਕ ਗੀਤ ਭਾਰੂ ਹਨ ਪਰ ਅਰਸ਼ੀ ਨੇ ਗ਼ਜ਼ਲ, ਕਵਾਲੀ, ਬੈਂਤ, ਟੱਪੇ ਤੇ ਸ਼ੇਅਰ ਸਭ ਉਤੇ ਆਪਣਾ ਹੱਥ ਅਜ਼ਮਾਇਆ ਹੈ। ਪੁਸਤਕ ਦੇ ਮੁੱਢਲੇ ਪੰਨਿਆਂ ਵਿੱਚ ਛਪੀ ਮੁਲਾਕਾਤ ਵਿੱਚ ਅਰਸ਼ੀ ਨੇ ਕਿਹਾ ਹੈ "ਮੇਰੀ ਕਵਿਤਾ ਸਿਰਫ ਸ਼ੌਕ ਵਿੱਚੋਂ ਜਨਮੀ ਹੈ।... ਮੈਂ ਇਸ ਗੱਲ ਵਿੱਚ ਯਕੀਨ ਰੱਖਦਾ ਹਾਂ ਕਿ ਕਵਿਤਾ ਸਿਰਫ ਸ਼ੌਕ

ਵਿੱਚੋਂ ਹੀ ਨਿਕਲਦੀ ਹੈ। ਕਿਸੇ ਗ਼ਮ ਜਾਂ ਖੁਸ਼ੀ ਵਿਚੋਂ ਕਵਿਤਾ ਜਨਮ ਨਹੀਂ ਲੈਂਦੀ ਅੱਗੇ ਜਾ ਕਿ ਉਹ ਇਹ ਵੀ ਕਹਿੰਦੇ ਹਨ ਕਿ ਸਾਹਿਤਕਾਰਾਂ ਨੂੰ ਕਿਸੇ ਵਾਦ ਨਾਲ ਬੱਝਣਾ ਨਹੀਂ ਚਾਹੀਦਾ।"

ਪਰ ਕਵਿਤਾ ਇਕ ਅਜਿਹਾ ਮਾਧਿਅਮ ਹੈ ਜੋ ਮਨੁੱਖ ਦੇ ਸੂਖਮ ਭਾਵਾਂ ਨਾਲ ਸਬੰਧਤ ਹੋਣ ਦੇ ਨਾਲ ਮਨੁੱਖੀ ਕਿਰਤਾਂ, ਮਨੁੱਖੀ ਵਿਚਾਰਾਂ ਤੇ ਮਨੁੱਖੀ ਵਲਵਲਿਆਂ ਨੂੰ ਵਿਸ਼ੇਸ਼ ਛੰਦਾਂ ਰਾਹੀਂ ਪ੍ਰਗਟਾਉਂਦੀ ਹੈ। ਕਵਿਤਾ ਦੀ ਸਾਰਥਕ ਸ਼ਕਤੀ ਇਸ ਗੱਲ ਉਤੇ ਨਿਰਭਰ ਹੈ ਕਿ ਕਵੀ ਦੇ ਅੰਤਰੀਵ ਭਾਵ ਪਾਠਕ ਦੀ ਬੁੱਧੀ ਨੂੰ ਉਚਾ ਤੇ ਉਸਦੇ ਅਨੁਭਵ ਨੂੰ ਵਿਸ਼ਾਲ ਤੇ ਤੀਖਣ ਕਰਨ। ਵਰਡਜ਼ਵਰਥ ਦਾ ਕਥਨ ਹੈ"ਕਵਿਤਾ ਸਾਰੇ ਗਿਆਨ ਦਾ ਸਾਹ ਅਤੇ ਖੂਬਸੂਰਤ ਰੂਹ ਹੈ।" ਕਵਿਤਾ ਸੂਖ਼ਮ ਅੰਸ਼ਾਂ ਦਾ ਪ੍ਰਗਟਾ ਹੈ ਤੇ ਇਹ ਸੂਖ਼ਮਤਾ ਸਮਾਜਕ ਜੀਵਨ ਦਾ ਹੀ ਇਕ ਭਾਗ ਹੈ। ਜੇ ਕਵਿਤਾ ਸਮਾਜਕ ਜੀਵਨ ਨਾਲ ਸਬੰਧਤ ਨਹੀਂ ਤਾਂ ਇਹ ਵਿਕਾਸ ਕਰਮ ਹੋ ਕਿ ਰਹਿ ਜਾਂਦੀ ਹੈ। ਇਸ ਲਈ ਸ਼ੌਕੀਆ ਕਵਿਤਾ ਲਿਖਣਾ ਵੀ ਵਿਕਾਸ ਕਰਮ ਬਣ ਕੇ ਹੀ ਰਹਿ ਜਾਂਦਾ ਹੈ।

ਦੂਜਾ ਅਰਸ਼ੀ ਦਾ ਇਹ ਕਥਨ ਕਿ ਕਵਿਤਾ ਖੁਸ਼ੀ ਜਾਂ ਗਮੀ ਵਿਚੋਂ ਜਨਮ ਨਹੀਂ ਲੈਂਦੀ- ਇਹ ਵੀ ਕਥਨ ਨਿਰਮੂਲ ਜਾਪਦਾ ਹੈ ਕਿਉਂ ਕਿ ਮਨੁੱਖੀ ਮਨ ਦੀਆਂ ਵੇਦਨਾਵਾਂ ਦੋ ਪ੍ਰਕਾਰ ਦੀਆਂ ਹੀ ਹੋ ਸਕਦੀਆਂ ਹਨ। ਮਨੋਦਸ਼ਾ ਜਾਂ ਸੁਖਾਤਮਕ ਹੋ ਸਕਦੀ ਹੈ ਜਾਂ ਦੁਖਾਤਮਕ। ਇਹ ਸਰਬ ਸਚਾਈ ਹੈ ਕਿ ਮਨੁੱਖੀ ਮਨ ਇਨ੍ਹਾਂ ਦੋਵਾਂ ਦਿਸ਼ਾਵਾਂ ਵਿਚ ਘਿਰਿਆ ਰਹਿੰਦਾ ਹੈ। ਦੁੱਖ ਤੇ ਸੁੱਖ, ਗ਼ਮ ਤੇ ਖੁਸ਼ੀ ਮਾਨਿਸਕ ਦਸ਼ਾ ਦੇ ਪ੍ਰਤੀਕ ਹਨ।

ਅਰਸ਼ੀ ਦਾ ਕਾਵਿ ਸੰਗ੍ਰਹਿ "ਚੂਰੀ" ਅਸਲ ਵਿਚ ਨਿਰੋਲ ਰੁਮਾਂਟਕ ਕਵਿਤਾਵਾਂ ਦਾ ਸੰਗ੍ਰਹਿ ਹੈ ਤੇ ਇਸ ਦੀ ਪ੍ਰੰਪਰਾ ਕਿੱਸਾ-ਕਾਵਿ ਵਾਲੀ ਹੀ ਨਜ਼ਰ ਆਉਂਦੀ ਹੈ। ਕਿੱਸਾ-ਕਾਵਿ ਵਿੱਚ ਪਿਆਰ ਨੂੰ ਮੁੱਖ ਸਥਾਨ ਹਾਸਲ ਸੀ। ਜੀਵਨ ਦੀਆਂ ਸਮਾਜੀ ਮਜ਼ਬੂਰੀਆਂ ਨੂੰ ਮਨੁੱਖ ਸਦਾ ਇਸ਼ਕ ਰਾਹੀਂ ਹੀ ਵੰਗਾਰਦਾ ਆਇਆ ਹੈ। ਪਰ ਜਿੱਥੇ ਕਿੱਸਾ- ਕਾਵਿ ਜਗੀਰਦਾਰੀ ਪ੍ਰਬੰਧ ਦੀ ਦੇਣ ਸੀ ਉਥੇ ਅਰਸ਼ੀ ਪੂੰਜੀਵਾਦੀ ਸਮਾਜ ਵਿਚ ਰਹਿੰਦਿਆਂ ਵੀ ਜਗੀਰਦਾਰੀ ਰਿਸ਼ਤਿਆਂ ਵਾਲੇ ਸਮਾਜ ਦੀਆਂ ਕੀਮਤਾਂ ਨਾਲ ਜੁੜਿਆ ਪ੍ਰਤੀਤ ਹੁੰਦਾ ਹੈ ਜਦ ਕਿ ਇਨ੍ਹਾਂ ਦੋਵਾਂ ਪ੍ਰਬੰਧਾਂ ਵਿਚ ਮਨੁੱਖੀ ਰਿਸ਼ਤੇ ਇਕ ਸਾਰ ਨਹੀਂ ਰਹਿ ਸਕਦੇ। ਸਰ ਹਰਬਰਟ ਗਰੀਅਰਸਨ ਦਾ ਕਥਨ ਹੈ "ਰੋਮਾਂਟਿਕ ਕਵੀ ਜਾਣਦਾ ਹੈ ਕਿ ਉਹ ਵਿਸ਼ਵਾਸ਼ ਦੇ ਆਸਰੇ ਜਿਊਂਦਾ ਹੈ ਨਾ ਕਿ ਤਰਕ ਦੇ ਆਸਰੇ।" ਇਸੇ ਲਈ ਅਰਸ਼ੀ ਦੀ ਕਵਿਤਾ ਉਸਦੇ ਸਵੈ-ਸਿਰਜੇ ਸ਼ੌਕ ਦਾ ਪ੍ਰਗਟਾ ਬਣਦੀ ਹੈ।

ਜਿਸ ਤਰ੍ਹਾਂ ਕਿੱਸਾ-ਕਾਵਿ ਵਿਚ ਇਸ਼ਕ ਨੂੰ ਪ੍ਰਭਾਵਸ਼ਾਲੀ ਤੇ ਬਲਕਾਰੀ ਬਣਾਉਣ ਲਈ ਰੱਬੀ ਪ੍ਰੀਤ ਦੀ ਸ਼ਕਤੀ ਦਾ ਆਸਰਾ ਲਿਆ ਗਿਆ ਹੈ,ਅਰਸ਼ੀ ਵੀ ਇਹੀ ਪ੍ਰੰਪਰਾ ਅਪਣਾਉਂਦਾ ਹੈ। ਜਿਵੇਂ :

ਕੀਤਾ ਹੋਇਆ ਮੈਂ ਵਾਅਦਾ ਪੂਰਾ ਨਿਭਾਵਾਂਗਾ
ਅਗਲੇ ਜਨਮ ਵੀ ਤੈਨੂੰ ਮੈਂ ਇੰਝ ਹੀ ਚਾਹਵਾਂਗਾ

ਰੱਬ ਨਾ ਕਰੇ ਜੇ ਆਪਾਂ ਮਰ ਕੇ ਵਿਛੜ ਗਏ
ਠੁਕਰਾ ਕੇ ਮੈਂ ਬਹਿਸ਼ਤ ਵੀ ਤੇਰੇ ਪਾਸ ਆਵਾਂਗਾ

ਸੌ ਸੁਰਗਾਂ ਬਹਿਸ਼ਤ ਬਰੋਬਰ, ਅੱਖ ਮੇਰੀ ਨੂੰ ਦੀਦ ਤੇਰੀ
ਰੱਬ ਨੇ ਬਖਸ਼ੀ ਹੈ ਸਾਨੂੰ, ਯਾਰ ਅਣਮੁੱਲੀ ਸੌਗਾਤ।

ਕਾਬਾ ਹੈ ਦਰ ਸੱਜਣ ਦਾ, ਤੇ ਤੀਰਥ ਦੀਦਾਰ ਹੈ।

ਗ਼ਜ਼ਲਾਂ ਵਿਚ ਵੀ ਅਰਸ਼ੀ ਆਪਣੇ ਮਹਿਬੂਬ ਦੀਆਂ ਗੁਲਾਬੀ ਗੱਲ੍ਹਾਂ, ਹੋਠਾਂ ਦੀ ਲਾਲੀ, ਲਾਜਵਾਬ ਹੁਸਨ, ਮੱਥਾ ਚੰਨ ਦਾ ਟੁਕੜਾ, ਦੰਦ ਸੁੱਚੇ ਮੋਤੀ, ਮਿਰਗਾਂ ਵਰਗੀ ਚਾਲ ਦਾ ਜ਼ਿਕਰ ਕਰਕੇ ਕਿੱਸਾ-ਕਾਵਿ ਦੇ ਨੇੜੇ ਜਾ ਖੜ੍ਹਦਾ ਹੈ। ਨਰਿੰਦਰ ਲਈ ਜ਼ਰੂਰੀ ਜਾਪਦਾ ਹੈ ਕਿ ਉਹ ਰੋਮਾਂਟਕ ਜਮੂਦ ਵਿਚੋਂ ਨਿਕਲ ਕੇ ਕਵਿਤਾ ਦੀਆਂ ਸਦੀਵੀ ਕੀਮਤਾਂ ਤੇ ਪਹਿਰਾ ਦੇਣ ਲਈ ਸਮਾਜਕ ਯਥਾਰਥ ਦੇ ਨੇੜੇ ਆਉਣ ਦਾ ਯਤਨ ਕਰੇ ਤੇ ਇਸ ਸਵੈ-ਸਿਰਜੇ ਸੰਸਾਰ ਦੀਆਂ ਸੀਮਾਵਾਂ ਤੋਂ ਜਾਣੂ ਹੋਵੇ।

ਅਰਸ਼ੀ ਦਾ ਪਹਿਲਾ ਕਾਵਿ ਸੰਗ੍ਰਹਿ ਵਾਰਿਸ ਪਬਲਿਸ਼ਰਜ਼ ਚੰਡੀਗੜ੍ਹ ਨੇ ਬਹੁਤ ਰੀਝ ਨਾਲ ਛਾਪਿਆ ਹੈ ਤੇ ਪੁਸਤਕ ਦੀ ਦੱਖ ਪ੍ਰਸੰਸਾ ਯੋਗ ਹੈ।

ਦਰਸ਼ਨ ਗਿੱਲ(ਸਰੀ, ਬੀ.ਸੀ.)

---

**ਹਰ ਸਵੇਰੇ ਹਰ ਸਵੇਰ (ਕਾਵਿ ਸੰਗ੍ਰਹਿ)**
**ਲੇਖਕ: ਮਹਿੰਦਰ ਸਿੰਘ ਘੱਗ**
**ਅਭਿਸ਼ਕ ਪਬਲੀਕੇਸ਼ਨਜ਼, ਚੰਡੀਗੜ੍ਹ; ਮੁੱਲ: 20 ਰੁਪਏ**

ਪੰਜਾਬ ਦਾ ਸੰਤਾਪ ਭੋਗਦੇ ਲੋਕਾਂ ਦੇ ਨਾਂ 'ਹਰ ਸਵੇਰੇ ਹਰ ਸਵੇਰ', ਪਰਵਾਸੀ ਕਵੀ ਮਹਿੰਦਰ ਸਿੰਘ ਘੱਗ ਦਾ ਪਹਿਲਾਂ ਕਾਵਿ ਸੰਗ੍ਰਹ ਹੈ। ਜਿਸ ਵਿਚ ਘੱਗ ਨੇ ਪੰਜਾਬ ਦੇ ਅਜੋਕੇ ਦਖਾਂਤ ਨੂੰ ਰੂਪਮਾਨ ਕਰਦਿਆਂ ਕੁਝ ਕੁ ਮੱਤਵਪੂਰਨ ਕਵਿਤਾਵਾਂ ਕਲਮਬੱਧ ਕੀਤੀਆਂ ਹਨ।

ਗੀਤਾਂ ਦੇ ਨੇੜੇ-ਤੇੜੇ ਇਨ੍ਹਾਂ ਰਚਨਾਵਾਂ ਵਿਚ ਸਰਲਤਾ, ਸਪੱਸ਼ਟਤਾ, ਸਾਦਗੀ ਤੇ ਖੁੱਲਦਿਲੀ ਨਜ਼ਰੀ ਪੈਂਦੀ ਹੈ। ਉਹ ਮਨੁੱਖੀ ਹਿਰਦੇ ਨੂੰ ਪ੍ਰੇਰਦਾ ਅਤੇ ਸਿਆਸਤਦਾਨਾਂ ਨੂੰ ਆਪਣੇ

ਬਾਕੀ ਸਫਾ੩੭'ਤੇ

# ਸਰਗਰਮੀਆਂ

**ਕੈਲਗਰੀ, 6 ਮਈ 1989-** ਲੋਕ ਸੱਭਿਆਚਾਰਕ ਮੰਚ ਕੈਲਗਰੀ ਵਲੋਂ ਕੈਲਗਰੀ ਸ਼ਹਿਰ ਵਿਚ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ। ਸਾਢੇ ਤਿੰਨ ਘੰਟੇ ਦੇ ਇਸ ਪ੍ਰੋਗਰਾਮ ਵਿਚ ਗੁਰਦਿਆਲ ਸਿੰਘ ਫੁੱਲ ਦਾ ਨਾਟਕ 'ਇਹ ਲਹੂ ਕਿਸਦਾ ਹੈ' ਅਤੇ ਗੁਰਸ਼ਰਨ ਸਿੰਘ ਦਾ ਨਾਟਕ 'ਇਨਕਲਾਬ ਜ਼ਿੰਦਾਬਾਦ' ਪੇਸ਼ ਕੀਤੇ ਗਏ। ਨਾਟਕਾਂ ਤੋਂ ਬਿਨਾਂ ਪ੍ਰੋਗਰਾਮ ਵਿਚ ਗਿੱਧਾ, ਅਗਾਂਹਵਧੂ ਗੀਤ ਅਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਸ਼ਹੀਦ ਕਵੀ ਪਾਸ਼ ਅਤੇ ਜੈਮਲ ਪੱਡਾ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।

ਨਾਟਕਾਂ ਵਿਚ ਭਾਗ ਲੈਣ ਵਾਲੇ ਕਲਾਕਾਰ ਸਨ: ਰਾਜ, ਗੁਰਵਿੰਦਰ, ਰਣਜੋਧ, ਰਵੀ, ਕੰਵਲ,ਅਤੇ ਭੈਣ ਤੇਜਿੰਦਰ।

ਇਸ ਪ੍ਰੋਗਰਾਮ ਦੀ ਸੱਭ ਤੋਂ ਅਮੁੱਲੀ ਪੇਸ਼ਕਾਰੀ ਸੀ ਗਿੱਧਾ। ਗਿੱਧੇ ਵਿਚ ਕੈਨੇਡਾ ਦੀ ਜ਼ਿੰਦਗੀ ਦੀ ਅਸਲੀ ਜ਼ਿੰਦਗੀ ਦਾ ਵਿਰਲਾਪ ਅਤੇ ਔਰਤ ਨਾਲ ਹੁੰਦੇ ਵਿਤਕਰੇ ਤੋਂ ਪਰਦਾ ਚੁੱਕਦੀਆਂ ਅਤੇ ਸਾਂਝੀਵਾਲਤਾ ਦਾ ਹੋਕਾ ਦਿੰਦੀਆਂ ਬੋਲੀਆਂ ਪਾਈਆਂ ਗਈਆਂ। ਜਿਵੇਂ:

ਕਿਹੜੇ ਦੇਸ਼ ਧੀ ਦਿੱਤੀ ਬਾਬਲਾ, ਨਾ ਧੁੱਪਾਂ ਨਾ ਛਾਂਵਾਂ।
ਇਕ ਰੱਤ ਸਾਡੀ ਨੀਂਦਰ ਖਾਂਦੀ, ਦੂਜੀ ਕਿਰਤ ਸਜਾਵਾਂ।
ਛਾਲਿਆ ਵਰਗੇ ਬੋਲ ਬੋਸ ਦੇ, ਗਮ ਵਿਚ ਮਰਦੀ ਜਾਵਾਂ।
ਮਾਰੀ ਗਰਜਾਂ ਦੀ ਐਤਵਾਰ ਵੀ ਲਾਵਾਂ, ਮਾਰੀ ਗਰਜਾਂ ਦੀ...।

ਲੋਟੂ ਕਦੇ ਬਾਜ ਨਾ ਆਉਂਦੇ, ਘੁੱਟੀ ਸੰਘੀ ਤੋਂ ਬਿਨਾਂ
ਤੇਰਾ ਕਿਵੇਂ ਸਰ ਜਾਊ ਜਥੇਬੰਦੀ ਤੋਂ ਬਿਨਾਂ।

ਗਿੱਧੇ ਵਿਚ ਗੁੱਡ, ਬੱਬੀ, ਕਿਰਨੀ, ਕੈਰਨ ਅਤੇ ਬੇਬੀ ਨੇ ਭਾਗ ਲਿਆ।

ਮੰਚ ਦੇ ਬੁਲਾਰੇ ਗੁਰਨਾਮ ਡੁਲਕੂ ਨੇ ਮੰਚ ਦੀਆਂ ਸਰਗਰਮੀਆਂ, ਉਦੇਸ਼ਾਂ ਅਤੇ ਕਮਿਊਨਟੀ ਦੇ ਸਥਾਨਕ ਮਸਲਿਆਂ ਅਤੇ ਸੰਘਰਸ਼ਾਂ ਬਾਰੇ ਸੰਖੇਪ ਰੂਪ ਵਿਚ ਦੱਸਿਆ ਅਤੇ ਸ਼ਹੀਦ ਕਵੀ ਪਾਸ਼ ਦਾ ਪੋਸਟਰ ਮੁੱਖ ਮਹਿਮਾਨ ਇਕਬਾਲ ਖਾਨ ਨੂੰ ਭੇਂਟ ਕਰਕੇ ਰੀਲੀਜ਼ ਕੀਤਾ। ਸਟੇਜ ਸੱਕਤਰ ਦੀ ਜ਼ਿੰਮੇਵਾਰੀ ਪੰਜਾਬੀ ਕਵੀ ਸੁਰਿੰਦਰ ਧੰਜਲ ਨੇ ਨਿਭਾਈ। ਨਾਲ ਹੀ ਉਨ੍ਹਾਂ ਮਈ ਦਿਵਸ, ਸ਼ਿਕਾਗੋ ਦੇ ਸ਼ਹੀਦ-ਮਜ਼ਦੂਰ, ਗਦਰ ਦੀ ਲਹਿਰ ਅਤੇ ਕਾਮਾਗਾਟਾ ਮਾਰੂ ਦੇ ਸਾਕੇ ਬਾਰੇ ਵਿਸਥਾਰ ਵਿਚ ਚਾਨਣਾ ਪਾਇਆ।

**ਰਿਚਮੰਡ, 18 ਜੂਨ, 1989 -** ਈਸਟ ਰਿਚਮੰਡ ਕਮਿਊਨਟੀ ਸੈਂਟਰ, ਰਿਚਮੰਡ ਵਿਚ 'ਵਤਨ' ਦਾ ਰੀਲੀਜ਼ ਸਮਾਗਮ ਕੀਤਾ ਗਿਆ। ਅਦਾਰਾ 'ਵਤਨ' ਵਲੋਂ ਬੋਲਦਿਆਂ 'ਵਤਨ' ਦੇ ਕੋ-ਸੰਪਾਦਕ ਸਾਧੂ ਨੇ ਕਿਹਾ " ਵਤਨ ਕੈਨੇਡਾ ਵਿਚ ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਨੂੰ ਸਾਂਭਣ ਅਤੇ ਪ੍ਰਫੁਲਤ ਕਰਨ ਦੇ ਨਿਸ਼ਾਨੇ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਵਿਚ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਵਿਚ ਰਚੇ ਜਾ ਰਹੇ ਮੌਲਿਕ ਪੰਜਾਬੀ ਸਾਹਿਤ ਨੂੰ ਵਿਸ਼ੇਸ਼ ਥਾਂ ਦਿੱਤੀ ਜਾਇਆ ਕਰੇਗੀ। ਅਮਰੀਕਾ, ਇੰਗਲੈਂਡ, ਭਾਰਤ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਰਚਿਆ ਜਾ ਰਿਹਾ ਪੰਜਾਬੀ ਸਾਹਿਤ ਵੀ ਛਾਪਿਆ ਜਾਇਆ ਕਰੇਗਾ। ਸਾਹਿਤਕ ਕਿਰਤਾਂ ਦੇ ਨਾਲ ਨਾਲ 'ਵਤਨ' ਵਿਚ ਕੈਨੇਡਾ ਦੀ ਭਾਰਤੀ ਕਮਿਊਨਟੀ ਨਾਲ ਸਬੰਧਤ ਸਭਿਆਚਾਰਕ, ਸਮਾਜਿਕ, ਰਾਜਨੀਤਕ ਅਤੇ ਆਰਥਿਕ ਮਸਲਿਆਂ ਬਾਰੇ ਲੇਖ ਅਤੇ ਗੰਭੀਰ ਟਿੱਪਣੀਆਂ ਵੀ ਛਾਪਿਆ ਜਾਇਆ ਕਰਨਗੀਆਂ।"

'ਵਤਨ' ਦੇ ਪਹਿਲੇ 'ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ' ਬਾਰੇ ਦਸਦਿਆਂ ਉਹਨਾਂ ਕਿਹਾ," ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇਗੰਢ 'ਤੇ ਕਾਮਾਗਾਟਾ ਮਾਰੂ ਦੇ ਬਹਾਦੁਰ ਮੁਸਾਫਰਾਂ ਨੂੰ ਸ਼ਰਧਾਂਜਲੀ ਵਜੋਂ ਅਸੀ ਖੋਜ 'ਤੇ ਆਧਾਰਿਤ ਇਹ ਅੰਕ ਕੱਢਿਆ ਹੈ।"

ਇਸ ਸਮਾਗਮ 'ਤੇ ਕਮਿਊਨਟੀ ਵਿਚੋਂ ਹੋਰ ਲੋਕਾਂ ਜਿਵੇਂ ਅਜਮੇਰ ਰੋਡੇ, ਸੁਰਿੰਦਰ ਧੰਜਲ, ਡਾ: ਹਰੀ ਸ਼ਰਮਾ, ਅਮਰਜੀਤ ਸੂਫੀ, ਸੁੱਚਾ ਸਿੰਘ ਕਲੇਰ, ਸਤਿੰਦਰ ਸਿੱਧੂ, ਉੱਜਲ ਦੁਸਾਂਝ ਆਦਿ ਲੋਕਾਂ ਨੇ 'ਵਤਨ' ਦੇ ਸ਼ੁਰੂ ਹੋਣ ਤੇ ਖੁਸ਼ੀ ਪਰਗਟ ਕੀਤੀ ਅਤੇ 'ਵਤਨ' ਨੂੰ ਜੀ ਆਇਆਂ ਆਖਿਆ।

**ਐਡਮੰਟਨ, 23 ਜੁਲਾਈ, 1989-** ਪੰਜਾਬੀ ਲਿਟਰੇਰੀ ਐਸੋਸੀਏਸ਼ਨ, ਐਡਮੰਟਨ ਵਲੋਂ ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇ ਗੰਢ ਮਨਾਉਣ ਲਈ ਇਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਵਿਚ ਕਾਮਾਗਾਟਾ ਮਾਰੂ ਨਾਲ ਸਬੰਧਤ ਸਲਾਈਡ ਸ਼ੋਅ ਅਤੇ ਕਾਮਾਗਾਟਾ ਮਾਰੂ ਉਪਰ ਸ਼ੈਰਨ ਪੋਲੌਕ ਦੇ ਲਿਖੇ ਡਰਾਮੇ ਦੀ ਵੀਡੀਉ ਵਿਖਾਈ ਗਈ। ਇਸਤੋਂ ਬਿਨ੍ਹਾਂ ਵਤਨ ਦੇ ਪਹਿਲੇ ਅੰਕ (ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ) ਦੀ ਲੋਕਾਂ ਨਾਲ ਜਾਣ ਪਛਾਣ ਕਰਵਾਈ ਗਈ।

**ਸਰੀ, 29 ਜੁਲਾਈ 1988:** ਸਰੀ ਵਿਚ ਪੰਜਾਬੀ ਦੇ ਇਨਕਲਾਬੀ ਸ਼ਾਇਰ ਪਾਸ਼ ਨੂੰ ਸ਼ਹੀਦੀ ਉਪਰੰਤ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ (ਕੈਨੇਡਾ) ਵਲੋਂ ਕੌਮਾਂਤਰੀ ਸਾਹਿਤ-ਸ਼੍ਰੋਮਣੀ ਮਨਜੀਤ ਯਾਦਗਰੀ ਪੁਰਸਕਾਰ ਨਾਲ ਸਨਮਾਨਿਆ ਗਿਆ। ਪੰਜ ਸੌ ਡਾਲਰ ਦੀ ਰਕਮ, ਮਾਣਪੱਤਰ, ਪੁਰਸਕਾਰ ਪਲੇਕ ਤੇ ਸ਼ਹੀਦ ਪਾਸ਼ ਦਾ ਕਲਮੀ ਸਕੈੱਚ ਸ਼ਹੀਦ ਪਾਸ਼ ਦੀ ਭੈਣ ਬੀਬੀ ਪਰਮਿੰਦਰ ਕੌਰ ਗਿੱਲ ਨੂੰ ਟਰੱਸਟ ਦੇ ਜਨਰਲ ਸਕੱਤਰ ਪੰਜਾਬੀ ਕਵੀ ਸ੍ਰੀ ਦਰਸ਼ਨ ਗਿੱਲ ਅਤੇ ਟਰੱਸਟ ਦੇ ਪ੍ਰਧਾਨ ਸ਼ਾਇਰ ਗੁਰਚਰਨ ਰਾਮਪੁਰੀ ਨੇ ਭੇਂਟ ਕੀਤੇ। ਇਸ ਸਮਾਰੋਹ ਦੀ ਪ੍ਰਧਾਨਗੀ ਪੰਜਾਬ ਦੇ ਸਾਬਕਾ ਐਮ.ਐਲ.ਏ. ਕਾ: ਗੁਰਬਖਸ਼ ਸਿੰਘ ਧੂਰਕੋਟ ਨੇ ਕੀਤੀ।

ਮਨਜੀਤ ਯਾਦਗਰੀ ਪੁਰਸਕਾਰ ਪੰਜਾਬੀ ਕਵੀ ਸ੍ਰੀ ਦਰਸ਼ਨ ਗਿੱਲ ਵਲੋਂ ਆਪਣੀ ਵਿਛੜੀ ਸਾਹਿਤ ਰਸੀਆ ਸਾਥਣ ਸ੍ਰੀ ਮਤੀ ਮਨਜੀਤ ਗਿੱਲ ਦੀ ਯਾਦ ਵਿਚ 1980 ਵਿੱਚ ਸਥਾਪਤ ਕਰਕੇ ਇਕ ਟਰਸਟ ਦੇ ਹਵਾਲੇ ਕੀਤਾ ਗਿਆ ਸੀ।

ਮਾਣ ਪੱਤਰ ਪੇਸ਼ ਕਰਦਿਆਂ ਸ੍ਰੀ ਗੁਰਚਰਨ ਰਾਮਪੁਰੀ ਨੇ ਕਿਹਾ, "ਸ਼ਹੀਦ ਪਾਸ਼ ਇਕ ਬਹੁਪੱਖੀ ਸਖਸ਼ੀਅਤ ਸਨ ਜਿਨ੍ਹਾਂ ਪੰਦਰਾਂ ਵਰ੍ਹਿਆਂ ਦੀ ਉਮਰ ਵਿਚ ਹੀ ਕਵਿਤਾ ਲਿਖਣੀ ਆਰੰਭੀ ਤੇ ਪੰਜਾਬੀ ਕਵਿਤਾ ਦਾ ਮੁਹਾਂਦਰਾ ਬਦਲ ਕੇ ਰੱਖ ਦਿੱਤਾ। ਟਰੱਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਨੇ ਸ਼ਹੀਦ ਪਾਸ਼ ਦੀ ਉਮਰ ਦੇ 38 ਵਰ੍ਹਿਆਂ ਦਾ ਸੰਖੇਪ ਵਿਵਰਣ ਦਿੰਦਿਆਂ ਕਿਹਾ ਕਿ ਪਾਸ਼ ਦੀ ਕਵਿਤਾ ਉਸਦੇ ਹੰਢਾਏ ਅਨੁਭਵ ਦੀ ਪੇਸ਼ਕਾਰੀ ਸੀ।

ਪੰਜਾਬੀ ਸਾਹਿਤਕਾਰ ਤੇ 'ਵਤਨ' ਤ੍ਰੈਮਾਸਕ ਦੇ ਕੋ-ਸੰਪਾਦਕ ਸਾਧੂ ਨੇ ਪਾਸ਼ ਦੀ ਕਵਿਤਾ ਬਾਰੇ ਇਕ ਖੋਜ ਭਰਪੂਰ ਲੇਖ ਪੜ੍ਹਿਆ। ਲੇਖ ਦੇ ਅੰਤ ਵਿਚ ਉਨ੍ਹਾਂ ਕਿਹਾ ਕਿ ਪਾਸ਼ ਦਾ ਨਾਂ ਪੰਜਾਬੀ ਸਾਹਿਤ ਵਿਚ ਉਸੇ ਤਰ੍ਹਾਂ ਚਮਕੇਗਾ ਜਿਸ ਤਰ੍ਹਾਂ ਸ਼ਹੀਦ ਭਗਤ ਸਿੰਘ ਦਾ ਨਾਂ ਭਾਰਤ ਦੀ ਸਿਆਸੀ ਤਸਵੀਰ ਵਿਚ ਚਮਕਦਾ ਹੈ।

ਮਾਤਾ ਹਰਬੰਸ ਕੌਰ ਗਿੱਲ ਨੇ ਸ਼ਹੀਦ ਦੀ ਪਤਨੀ ਰਾਜਵਿੰਦਰ (ਰਾਣੀ) ਲਈ ਦੁਸ਼ਾਲਾ ਭੇਂਟ ਕੀਤਾ। ਲੋਕ ਕਲਾ ਮੰਚ ਵੈਨਕੂਵਰ ਦੇ ਸੰਸਥਾਪਕ ਤੇ ਪਾਸ਼ ਯਾਦਗਰੀ ਸੋਵੀਨੀਰ ਕਮੇਟੀ ਦੇ ਮੈਂਬਰ ਸ੍ਰੀ ਮਹਿੰਦਰ ਸੂਮਲ ਨੇ ਟਰੱਸਟ ਵਲੋਂ ਛਾਪੇ ਗਏ ਸੋਵੀਨੀਰ ਦੀ ਕਾਪੀ ਸ਼ਹੀਦ ਪਾਸ਼ ਦੇ ਭਣਵਈਏ ਤੇ ਐਂਟੀ-47 ਫਰੰਟ ਦੇ ਬੁਲਾਰੇ ਸ੍ਰੀ ਹਰਸ਼ਰਨ ਗਿੱਲ ਨੂੰ ਭੇਂਟ ਕੀਤੀ।

ਸਮਾਗਮ ਵਿਚ ਸ੍ਰੀਮਤੀ ਇਕਬਾਲ ਸੂਮਲ ਨੇ ਪਾਸ਼ ਦਾ ਪ੍ਰਸਿੱਧ ਗੀਤ 'ਮਿੱਟੀ ਦੀਏ ਕੁਲੀਏ', ਜੋਗਿੰਦਰ ਰੰਧਾਵਾ ਨੇ ਪਾਸ਼ ਦੀ ਯਾਦ ਵਿਚ ਅਮਰਜੀਤ ਚੰਦਨ ਦਾ ਲਿਖਿਆ ਪਾਸ਼ ਦਾ ਮਰਸੀਆ, ਹਰਸ਼ਰਨ ਗਿੱਲ ਅਤੇ ਦਰਸ਼ਨ ਗਿੱਲ ਨੇ ਪਾਸ਼ ਬਾਰੇ ਨਜ਼ਮਾਂ, ਹਰਕੰਵਲਜੀਤ (ਕੈਲਗਰੀ) ਨੇ ਜੈਮਲਪੱਡਾ ਦਾ ਗੀਤ 'ਸਿਦਕ ਸਾਡੇ ਨੇ ਕਦੇ ਮਰਨਾ ਨਹੀਂ',ਅਤੇ ਗੁਰਦੇਵ ਸਿੰਘ ਮਸਤਾਨਾ ਅਤੇ ਕਰਮਜੀਤ ਗਰੇਵਾਲ ਨੇ ਗੀਤ ਪੇਸ਼ ਕੀਤੇ।

ਸਮਾਗਮ ਦੇ ਅੰਤ ਉੱਤੇ ਕਾ: ਗੁਰਬਖਸ਼ ਸਿੰਘ ਧੂਰਕੋਟ ਨੇ ਪ੍ਰਧਾਨਗੀ ਭਾਸ਼ਨ ਵਿਚ ਕਿਹਾ ਕਿ ਪਾਸ਼ ਜਿਹੇ ਹੋਣਹਾਰ ਕਵੀਆਂ ਤੇ ਸਾਹਿਤਕਾਰਾਂ ਦੇ ਕਤਲ ਤਾਂ ਹੀ ਰੋਕੇ ਜਾ ਸਕਦੇ ਹਨ ਜੇਕਰ ਪੰਜਾਬੀ ਲੇਖਕ ਜਥੇਬੰਦਕ ਢੰਗ ਨਾਲ ਜਨੂੰਨੀ ਹਨੇਰੀ ਦਾ ਮੁਕਾਬਲਾ ਕਰਨ। ਉਨ੍ਹਾਂ ਕਿਹਾ ਕਿ ਸਰਕਾਰ ਤੇ ਜਨੂੰਨੀ ਦੋਵੇਂ ਧਿਰਾਂ ਕਤਲਾਂ ਦੀਆਂ ਦੋਸ਼ੀ ਹਨ। ਤੇ ਤੀਜੀ ਧਿਰ ਵਜੋਂ ਪੰਜਾਬੀ ਦੇ ਅਗਾਂਹਵਧੂ ਲੇਖਕਾਂ ਵਲੋਂ ਦੋਨਾਂ ਧਿਰਾਂ ਦੇ ਕਿਰਦਾਰ ਨੂੰ ਨੰਗਾ ਕੀਤਾ ਜਾਣਾ ਚਾਹੀਦਾ ਹੈ।

**ਜਲੰਧਰ, 9 ਸਤੰਬਰ 1989:** ਪਾਸ਼ ਯਾਦਗਰੀ ਕੌਮਾਂਤਰੀ ਟਰੱਸਟ ਦੇ ਸੱਦਾ ਪੱਤਰ ਉੱਤੇ ਸ਼ਹੀਦ ਕਵੀ ਪਾਸ਼ ਦਾ ਜਨਮ ਦਿਨ 9 ਸਤੰਬਰ ਨੂੰ ਕਵਿਤਾ ਦਿਵਸ ਵਜੋਂ ਮਨਾਇਆ ਗਿਆ।

ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਟਰੱਸਟ ਵਲੋਂ ਮਨਾਏ ਗਏ ਸਮਾਗਮ ਵਿਚ ਹਿੰਦੀ ਇਨਕਲਾਬੀ ਕਵੀ ਨਾਗਾਰੁਜਨ ਅਤੇ ਪੰਜਾਬੀ ਕਹਾਣੀਕਾਰ ਸੁਜਾਨ ਸਿੰਘ ਪਾਸ਼ ਦੀ ਯਾਦਗਰ ਵਿਚ ਗੁਲਮੋਹਰ ਦੇ ਬੂਟੇ ਲਾਏ- ਭਵਿੱਖ ਵਿਚ ਇਨ੍ਹਾਂ ਬੂਟਿਆਂ ਦੇ ਲਾਲ ਸੂਹੇ ਫੁੱਲ ਵਿਸ਼ਾਲ ਅਰਥਾਂ ਵਿਚ ਪਾਸ਼ ਦੇ ਡੁੱਲ੍ਹੇ ਖ਼ੂਨ ਦਾ ਪ੍ਰਤੀਕ ਬਣਨਗੇ। ਇਸ ਪ੍ਰੋਗਰਾਮ ਵਿਚ ਸ਼ਹੀਦ ਭਗਤ ਸਿੰਘ ਦੇ ਸਾਥੀ ਜੈ ਦੇਵ ਕਪੂਰ ਨੇ ਵੀ ਸ਼ਮੂਲੀਅਤ ਕੀਤੀ। ਟਰੱਸਟ ਦੁਆਰਾ ਜਾਂ ਟਰੱਸਟ ਦੇ ਸਹਿਯੋਗ ਨਾਲ ਪਾਸ਼ ਦੀ ਯਾਦ ਵਿਚ ਪ੍ਰਕਾਸ਼ਤ ਤਿੰਨ ਪੁਸਤਕਾਂ ਰੀਲੀਜ਼ ਕੀਤੀਆਂ ਗਈਆਂ ਜਿਨ੍ਹਾਂ ਦੇ ਸੰਪਾਦਕਾਂ ਵਿਚ ਅਮਰਜੀਤ ਚੰਦਨ, ਸੁਰਜੀਤ ਪਾਤਰ, ਸੁਖਚੈਨ ਮਿਸਤਰੀ, ਡਾ: ਚਮਨ ਲਾਲ, ਸੁਖਦੇਵ ਸਿੰਘ, ਪਾਲ ਕੌਰ ਅਤੇ ਹੋਰ ਉੱਘੇ ਨਾਮ ਸ਼ਾਮਲ ਸਨ।

ਇਸ ਤੋਂ ਬਿਨ੍ਹਾਂ ਇੰਗਲੈਂਡ ਵਿਚ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਵਲੋਂ ਬਰਮਿੰਘਮ ਵਿਚ ਅਤੇ ਐਂਟੀ ਫੋਰਟੀ ਸੈਵਨ ਫਰੰਟ, ਕੈਲੀਫੋਰਨੀਆ (ਅਮਰੀਕਾ) ਵਲੋਂ ਬੇਕਰਜ਼ਫੀਲਡ ਵਿਚ ਕਵਿਤਾ ਦਿਵਸ ਮਨਾਇਆ ਗਿਆ। ਕੈਨੇਡਾ ਦੇ ਤਿੰਨ ਵੱਡੇ ਸ਼ਹਿਰਾਂ ਵੈਨਕੂਵਰ, ਕੈਲਗਰੀ ਅਤੇ ਟਰਾਂਟੋ ਵਿਚ ਕਵਿਤਾ ਦਿਵਸ ਸਮਾਗਮ ਕਰਮਵਾਰ ਪੰਜਾਬੀ ਲੇਖਕ ਮੰਚ (ਵੈਨਕੂਵਰ), ਲੋਕ ਸਭਿਆਚਾਰਕ ਮੰਚ (ਕੈਲਗਰੀ) ਅਤੇ ਪੰਜਾਬੀ ਸਾਹਿੱਤ ਸਭਾ (ਟਰਾਂਟੋ) ਵਲੋਂ ਆਯੋਜਤ ਕੀਤੇ ਗਏ।

**ਬ੍ਰਮਿੰਗਮ (ਯੂ.ਕੇ.), 9 ਸਤੰਬਰ 1989:** ਪੰਜਾਬੀ ਦੇ ਪ੍ਰਸਿੱਧ ਇਨਕਲਾਬੀ ਕਵੀ ਪਾਸ਼ ਦੀ ਯਾਦ ਵਿਚ ਬ੍ਰਮਿੰਘਮ (ਯੂ.ਕੇ.) ਵਿਖੇ ਕਵਿਤਾ ਦਿਵਸ ਮਨਾਇਆ ਗਿਆ। ਇਸ ਵਿਚ ਇੰਗਲੈਂਡ ਭਰ ਦੇ ਉੱਘੇ ਕਵੀਆਂ ਅਤੇ ਸਾਹਿਤਕ ਪ੍ਰੇਮੀਆਂ ਨੇ ਭਾਗ ਲਿਆ। ਨਵੀਆਂ ਪੁਸਤਕਾਂ, ਪਾਸ਼ ਦੇ ਕੈਲੰਡਰਾਂ, ਅਤੇ ਰਸਾਲਿਆਂ ਦੀ ਸਟਾਲ ਲਾਈ ਗਈ। ਕਵਿਤਾ ਦਿਵਸ ਦੀ ਪ੍ਰਧਾਨਗੀ ਪੰਜਾਬ ਤੋਂ ਆਏ ਪ੍ਰਸਿੱਧ ਇਨਕਲਾਬੀ ਦੇਸ਼ ਭਗਤ ਸਾਥੀ ਬਿਲਗਾ ਨੇ ਕੀਤੀ। ਆਪਣੇ ਪ੍ਰਧਾਨਗੀ ਭਾਸ਼ਨ 'ਚ ਉਨ੍ਹਾਂ ਫਿਰਕੂ ਅਤੇ ਸਰਕਾਰੀ ਦਹਿਸ਼ਤ ਤੇ ਜ਼ੁਲਮ-ਸਿਤਮ ਤੋਂ ਦੁਖੀ ਪੰਜਾਬ ਦੀ ਮੌਜੂਦਾ ਹਾਲਤ 'ਤੇ ਰੋਸ਼ਨੀ ਪਾਈ। ਬਿਲਗਾ ਹੋਰਾਂ ਨੂੰ ਅਮਰਜੀਤ ਚੰਦਨ ਦੇ ਯਤਨਾਂ ਨਾਲ ਛਪਾਈ ਪਾਸ਼ ਦੀਆਂ ਲਿਖਤਾਂ ਦੀ ਪੁਸਤਕ ਭੇਂਟ ਕੀਤੀ ਗਈ।

ਕਵੀ ਸੱਜਣਾਂ ਨੇ ਪਾਸ਼ ਦੇ ਨਵਿਰਤ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਦੁਹਰਾਇਆ ...ਅਸੀਂ ਲੜਾਂਗੇ ਸਾਥੀ- ਲੜਕੇ ਮਰ ਚੁੱਕਿਆਂ ਦੀ ਯਾਦ ਜਿੰਦਾ ਰੱਖਣ ਲਈ - ਅਸੀਂ ਲੜਾਂਗੇ ਸਾਥੀ। ਇਸ ਕਵਿਤਾ ਦਿਵਸ ਦਾ ਪ੍ਰਬੰਧ ਪਾਸ਼ ਮੈਮੋਰੀਅਲ ਇੰਟਰਨੈਸ਼ਨਲ ਟਰਸਟ, ਲੋਕ ਸੱਥ ਬਰਤਾਨੀਆ, ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬ੍ਰਿਟਿਨ ਵਲੋਂ ਕੀਤਾ ਗਿਆ। ਸਟੇਜ ਸਕੱਤਰ ਦਾ ਫਰਜ਼ ਸਾਥੀ ਰਾਣੂ ਨੇ ਨਿਭਾਇਆ।

**ਵੈਨਕੂਵਰ, 10 ਸਤੰਬਰ 1989:** ਪੰਜਾਬੀ ਲੇਖਕ ਮੰਚ ਵੈਨਕੂਵਰ ਵਲੋਂ ਅੰਤਰਰਾਸ਼ਟਰੀ ਪਾਸ਼ ਮੈਮੋਰੀਅਲ ਟਰਸਟ ਦੇ ਸੱਦੇ ਤੇ ਸ਼ਹੀਦ ਕਵੀ ਪਾਸ਼ ਦਾ ਜਨਮ ਦਿਨ ਮਨਾਉਣ ਲਈ ਰਿਚਮੰਡ ਵਿਚ ਕਵੀ ਦਰਬਾਰ ਕਰਵਾਇਆ ਗਿਆ। ਇਸ ਵਿਚ ਵੈਨਕੂਵਰ ਦੇ ਆਲੇ ਦੁਆਲੇ ਦੇ ਕਵੀਆਂ- ਗੁਰਚਰਨ ਰਾਮਪੁਰੀ, ਸਾਧੂ, ਸੁਰਿੰਦਰ ਧੰਜਲ, ਕਰਮਜੀਤ ਗਰੇਵਾਲ, ਗੁਰਦੇਵ ਸਿੰਘ ਮਸਤਾਨਾ, ਅਜਮੇਰ ਰੋਡੇ, ਨਿਮਤਾ ਜੀ, ਸੁਰਿੰਦਰ ਬੈਂਸ, ਮੰਗਾ ਸਿੰਘ ਬਾਸੀ, ਮਹਿੰਦਰ ਸੂਮਲ , ਅਵਤਾਰ ਸਿੰਘ ਫੌਜੀ, ਨਰਿੰਦਰ ਬਾਈਆ, ਅਮਨਪਾਲ ਸੈਰਾ, ਬਿਕਰਮ ਸਿੰਘ- ਨੇ ਭਾਗ ਲਿਆ। ਦਰਸ਼ਨ ਗਿੱਲ ਨੇ ਕਵਿਤਾ ਦਿਵਸ ਅਤੇ ਕਵਿਤਾ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਅੰਤਰਰਾਸ਼ਟਰੀ ਪਾਸ਼ ਮੈਮੋਰੀਅਲ ਟਰਸਟ ਦੇ ਕਨਵੀਨਰ ਸੁਰਿੰਦਰ ਧੰਜਲ ਨੇ ਟਰਸਟ ਦੇ ਉਦੇਸ਼ਾਂ ਅਤੇ ਟੀਚਿਆਂ ਬਾਰੇ ਦੱਸਿਆ। ਉਨ੍ਹਾਂ ਵਲੋਂ ਪਾਸ਼ ਬਾਰੇ ਤਿਆਰ ਕੀਤੀ ਪ੍ਰਦਰਸ਼ਨੀ ਵੀ ਦਿਖਾਈ ਗਈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗੁਰਚਰਨ ਰਾਮਪੁਰੀ ਨੇ ਨਿਭਾਈ। ਉਨ੍ਹਾਂ ਦੱਸਿਆ ਕਿ ਪੰਜਾਬੀ ਲੇਖਕ ਮੰਚ ਨੇ ਹਰ ਸਾਲ ਪਾਸ਼ ਦੇ ਜਨਮ ਦਿਨ ਤੇ ਇਸ ਤਰ੍ਹਾਂ ਦਾ ਕਵੀ ਦਰਬਾਰ ਕਰਵਾਉਣ ਦਾ ਫੈਸਲਾ ਕੀਤਾ ਹੈ।

**ਵਿਨੀਪੈੱਗ, 16 ਸਤੰਬਰ-** ਕਾਮਾਗਾਟਾ ਮਾਰੂ ਯਾਦਗਾਰੀ

ਕਮੇਟੀ, ਵਿਨੀਪੈੱਗ ਵਲੋਂ ਕਾਮਾਗਾਟਾ ਮਾਰੂ ਦੀ 75ਵੀਂ ਵਰ੍ਹੇਗੰਢ ਮਨਾਉਣ ਸਬੰਧੀ ਇਕ ਸਮਾਗਮ ਦੇਸ਼ਭਗਤ ਟੈਂਪਲ ਵਿਚ ਕੀਤਾ ਗਿਆ। ਇਸ ਵਿਚ ਉਨ੍ਹਾਂ ਵੈਨਕੂਵਰ ਸੱਥ ਵਲੋਂ ਤਿਆਰ ਕੀਤੀ ਪ੍ਰਦਰਸ਼ਨੀ 'ਕਾਮਾਗਾਟਾ ਮਾਰੂ ਤਸਵੀਰਾਂ ਦੀ ਜ਼ਬਾਨੀ' ਵਿਖਾਈ। ਇਸ ਮੀਟਿੰਗ ਵਿਚ ਵਿਨੀਪੈੱਗ ਵਿਚ ਆਕਸਫੈਮ ਦੀ ਕੋਆਰਡੀਨੇਟਰ ਸੂਜ਼ਨ ਵਾਈਟ ਨੇ ਮੁੱਖ ਬੁਲਾਰੇ ਦੇ ਤੌਰ ਤੇ ਆਪਣੇ ਵਿਚਾਰ ਪ੍ਰਗਟ ਕੀਤੇ। ਆਪਣੀ ਗਲਬਾਤ ਦੌਰਾਨ ਉਨ੍ਹਾਂ ਕੈਨੇਡਾ ਵਿਚ ਇਮੀਗਰੇਸ਼ਨ ਦੇ ਨਸਲਵਾਦੀ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾਂ ਇਹ ਵੀ ਕਿਹਾ ਅੱਜ ਵੀ ਕੈਨੇਡਾ ਵਿਚ ਨਸਲਵਾਦ ਦੀ ਹੋਂਦ ਹੈ ਅਤੇ ਇਸ ਵਿਰੁੱਧ ਸਾਨੂੰ ਇਕੱਠੇ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਕਾਮਾਗਾਟਾ ਮਾਰੂ ਯਾਦਗਰ ਕਮੇਟੀ ਵਲੋਂ ਇਕ ਇਸ਼ਤਿਹਾਰ ਵੰਡਿਆ ਗਿਆ ਜਿਸ ਵਿਚ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਉਹ ਇਸ ਗਲਤੀ ਦਾ ਇਕਬਾਲ ਕਰੇ ਅਤੇ ਅਗਾਂਹ ਤੋਂ ਅਜਿਹਾ ਨਾ ਵਾਪਰਨ ਦਾ ਭਰੋਸਾ ਦਿਵਾਏ ਅਤੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਵਿਚ ਵੈਨਕੂਵਰ ਦੀ ਬੰਦਰਗਾਹ ਉਪਰ ਯਾਦ ਪੱਥਰ ਲਾਵੇ।

17 ਅਤੇ 24 ਸਤੰਬਰ ਨੂੰ ਕਾਮਾਗਾਟਾ ਮਾਰੂ ਯਾਦਗਰ ਕਮੇਟੀ ਨੇ ਸਿੱਖ ਸੁਸਾਇਟੀ ਆਫ ਮੈਨੀਟੋਬਾ ਅਤੇ ਸਿੰਘ ਸਭਾ ਦੇ ਗੁਰਦੁਆਰਿਆਂ ਵਿਚ ਕਾਮਾਗਾਟਾ ਮਾਰੂ ਸਬੰਧੀ ਪ੍ਰਦਰਸ਼ਨੀ ਵਿਖਾਈ ਜਿਸ ਨੂੰ ਲੋਕਾਂ ਨੇ ਬਹੁਤ ਪਸੰਦ ਕੀਤਾ।

**ਵੈਨਕੂਵਰ, 23 ਸਤੰਬਰ 1989:** ਵੈਨਕੂਵਰ ਸੱਥ ਵਲੋਂ ਵੈਨਕੂਵਰ ਦੀ ਪੰਜਾਬੀ ਮਾਰਕਿਟ ਵਿਚ (ਮੇਨ ਸਟਰੀਟ ਅਤੇ 50 ਐਵੀਨਿਊ) ਨੁਕੱੜ ਨਾਟਕ -ਹਰ ਉਮਰ ਦਾ ਇਕੋ ਰੋਣਾ- ਪੇਸ਼ ਕੀਤਾ ਗਿਆ। ਇਹ ਨਾਟਕ ਕੈਨੇਡਾ ਵਿਚ ਪੰਜਾਬੀ ਔਰਤਾਂ ਦੀ ਜ਼ਿੰਦਗੀ ਬਾਰੇ ਚਾਨਣਾ ਪਾਉਂਦਾ ਹੈ। ਇਸ ਨਾਟਕ ਵਿਚ ਭਾਗ ਲੈਣ ਵਾਲੀਆਂ ਕਲਾਕਾਰਾਂ ਸਨ: ਅੰਜੂ ਹੁੰਦਲ, ਹਰਜਿੰਦਰ ਸਾਂਗਰਾ, ਜਗਦੀਸ਼ ਬਿਨਿੰਗ। ਇਸ ਤੋਂ ਪਹਿਲਾਂ ਪਿਛਲੇ ਇਕ ਸਾਲ ਵਿਚ ਇਹ ਨਾਟਕ ਵੈਨਕੂਵਰ ਦੇ ਆਲੇ ਦੁਆਲੇ ਅੰਗਰੇਜ਼ੀ ਵਿਚ 7-8 ਵਾਰ ਖੇਡਿਆ ਜਾ ਚੁੱਕਾ ਹੈ। ਨਾਟਕ ਨੂੰ ਲਿਖਿਆ ਹੈ : ਜਗਦੀਸ਼ ਬਿਨਿੰਗ, ਹਰਜਿੰਦਰ ਸਾਂਗਰਾ, ਅੰਜੂ ਹੁੰਦਲ ਅਤੇ ਪਿੰਦੀ ਗਿੱਲ ਨੇ।

ਪੰਜਾਬੀ ਮਾਰਕਿਟ ਵਿਚ ਲੋਕਾਂ ਵਲੋਂ ਨਾਟਕ ਨੂੰ ਭਰਵਾਂ ਹੁੰਗਾਰਾ ਮਿਲਿਆ। 100 ਤੋਂ ਉੱਪਰ ਲੋਕਾਂ ਨੇ ਨਾਟਕ ਦੇਖਿਆ। ਇਹ ਉਹ ਦਰਸ਼ਕ ਸਨ ਜੋ ਹਾਲ ਵਿਚ ਕੀਤੇ ਨਾਟਕਾਂ ਦੇ ਪ੍ਰੋਗਰਾਮਾਂ ਵਿਚ ਬਹੁਤ ਘੱਟ ਆਉਂਦੇ ਹਨ। ਨਾਟਕ ਦੇ ਅੰਤ ਤੇ ਜਦੋਂ ਦਰਸ਼ਕਾਂ ਤੋਂ ਇਹ ਪੁੱਛਿਆ ਗਿਆ ਕਿ ਨਾਟਕ ਦੇ ਵਿਸ਼ੇ ਬਾਰੇ ਉਨ੍ਹਾਂ ਦੀ ਕੀ ਰਾਇ ਹੈ? ਜੋ ਕੁਝ ਨਾਟਕ ਵਿਚ ਦਿਖਾਇਆ ਗਿਆ ਹੈ ਕੀ ਇਸ ਤਰ੍ਹਾਂ ਹੀ ਘਰਾਂ ਵਿਚ ਹੁੰਦਾ ਹੈ ਜਾਂ ਨਾਟਕ ਕਰਨ ਵਾਲਿਆਂ ਨੇ ਐਵੀਂ ਕੋਈ ਵਾਧੂ ਗੱਲ ਕੀਤੀ ਹੈ? ਇਸਦੇ ਜੁਆਬ ਵਿਚ ਲੋਕਾਂ ਨੇ ਕਿਹਾ ਕਿ ਤੁਸੀਂ ਜੋ ਕੁੱਛ ਦਿਖਾਇਆ ਹੈ ਉਹ ਬਿਲਕੁਲ ਸੱਚ ਹੈ ਅਤੇ ਘਰਾਂ ਵਿਚ ਇਸਤੋਂ ਵੀ ਵੱਧ ਹੁੰਦਾ ਹੈ।

ਇਸ ਨਾਟਕ ਦੀ ਇਸ ਗੱਲੋਂ ਵੀ ਮਹੱਤਤਾ ਹੈ ਕਿ ਕੈਨੇਡੀਅਨ ਪੰਜਾਬੀ ਥਿਏਟਰ ਦੇ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਜਦੋਂ ਇਕ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਆਸ ਹੈ ਕਿ ਕੈਨੇਡੀਅਨ ਪੰਜਾਬੀ ਥਿਏਟਰ ਵਿਚ ਅਜਿਹੀਆਂ ਪਿਰਤਾਂ ਪਾਉਣ ਵੱਲ ਇਹ ਨਾਟਕ ਪਹਿਲਾ ਕਦਮ ਸਾਬਤ ਹੋਵੇਗਾ। ਇਸ ਲਈ ਨਾਟਕ ਦੀਆਂ ਤਿੰਨੇ ਕਲਾਕਾਰਾਂ: ਅੰਜੂ ਹੁੰਦਲ, ਹਰਜਿੰਦਰ ਸਾਂਗਰਾ ਅਤੇ ਜਗਦੀਸ਼ ਬਿਨਿੰਗ ਵਧਾਈ ਦੀਆਂ ਹੱਕਦਾਰ ਹਨ।

---

ਸਫਾ 35 ਦੀ ਬਾਕੀ

ਵਿਅੰਗ-ਮਈ ਤੀਰ ਨਾਲ ਇੰਜ ਵਿੰਨਦਾ ਹੈ:

ਕੋਈ ਪੁਲਸ ਦਾ ਮੁਖਬਰ ਮਰਿਆ,
ਕੋਈ ਪੁਲਸ ਮੁਕਾਬਲੇ ਮਰਿਆ।
ਘਰਾਂ ਦੇ ਘਰ ਹੀ ਉਜੜ ਰਹੇ ਨੇ,
ਦੁਖ ਨਹੀਂ ਜਾਂਦਾ ਐਡਾ ਜਰਿਆ।
ਆਗੂ ਫਿਰ ਵੀ ਕੁਰਸੀਆਂ ਪਿਛੇ,
ਪਾਉਂਦੇ ਫਿਰਦੇ ਘੁੰਮਣ - ਘੇਰ।
ਹਰ ਸਵੇਰੇ ਹਰ ਸਵੇਰ ...

ਸ਼ੀਸ਼ਾ, ਨਿਰਾਲੀ ਚਿੜੀ, ਰੱਬ, ਇਹ ਜਗਤ ਜਲੰਦਾ, ਜਵਾਨੀ ਅਦਿ ਕਵਿਤਾਵਾਂ ਵਿਚ ਭਾਵੁਕਤਾ ਨਾਲ ਕਵੀ ਨੇ ਬਹੁਤ ਕੁਝ ਬੇਲੋੜਾ ਵੀ ਭਰ ਦਿੱਤਾ ਹੈ। ਕਲਮਾਂ, ਬੋਲੀਏ ਪੰਜਾਬ ਦੀਏ, ਕਿਧਰ ਗਏ ਨੇ ਫੁਲ ਗੁਲਾਬੀ, ਅਲਵਿਦਾ ਮੇਰੇ ਦੋਸਤ, ਬਹੁਤ ਹੀ ਸੂਝ ਨਾਲ ਲਿਖੀਆਂ ਕਵਿਤਾਵਾਂ ਹਨ। "ਅਲਵਿਦਾ ਮੇਰੇ ਦੋਸਤ" ਕਵਿਤਾ ਪ੍ਰਤੀਬੱਧ ਅਗਾਂਹ-ਵਧੂ ਸੋਚ ਰੱਖਣ ਵਾਲੇ ਕਵੀ ਪਾਸ਼ ਦੇ ਕਤਲ ਉਤੇ ਲਿਖੀ ਗਈ ਹੈ। ਪਾਸ਼ ਦੀ ਸੋਚ ਤੇ ਸਹੀ ਸੇਧ ਨੂੰ ਸਲਾਹੁੰਦਿਆਂ ਉਸ ਦੇ ਕਾਤਲਾਂ ਦੀ ਨਿਖੇਧੀ ਇੰਜ ਕੀਤੀ ਹੈ:

ਤੈਂ ਹੱਥਾਂ ਬਾਰੇ ਆਖਿਆ ਸੀ ਪਾਸ਼
ਹੱਥ ਹੁੰਦੇ ਹਨ ਨੇ ਸਹਾਰਾ ਦੇਣ ਲਈ
ਹੱਥ ਹੁੰਦੇ ਨੇ ਹੁੰਗਾਰਾ ਦੇਣ ਲਈ
ਤੈਂ ਆਜ਼ਾਦ ਹੱਥਾਂ ਦੀ ਗੱਲ ਕੀਤੀ ਹੋਣੀ ਏ
ਇਹ ਤਾਂ ਗੁਲਾਮ ਹੱਥ ਹਨ
ਹਸਦ ਦੇ ਗੁਲਾਮ ਹੱਥ
ਹਵਸ ਦੇ ਗੁਲਾਮ ਹੱਥ
ਜੋਸ਼ ਦੇ ਗੁਲਾਮ ਹੱਥ
ਜਿਦ ਦੇ ਗੁਲਾਮ ਹੱਥ
ਜ਼ਬਰ ਦੇ ਗੁਲਾਮ ਹੱਥ

ਭਾਸ਼ਾ ਦੇ ਨਾਲ ਸ਼ਿਲਪ, ਸ਼ੈਲੀ ਤੇ ਕਵੀ ਦਾ ਕੱਥ ਰਚਨਾਕਾਰ ਨੂੰ ਸਿਰਜਕ ਬਣਾ ਰਿਹਾ ਹੈ।

ਅਮਰੀਕਾ ਦੇ ਮਿੰਨੀ ਪਿੰਡ "ਲਾਈਵਓਕ" ਜੋ ਯੂਬਾ ਸਿਟੀ ਤੋਂ ਕੋਈ ਅੱਠ ਮੀਲ ਦੀ ਵਿੱਥ ਤੇ ਹੈ ਵਿਚ ਵੱਸਦੇ ਮਹਿੰਦਰ ਸਿੰਘ ਘੱਗ ਦੀ ਇਸ ਸੱਜਰੀ ਕਿਰਨ ਨੂੰ ਮੈਂ ਜੀ ਆਇਆਂ ਆਖਦਾ ਹਾਂ।

ਜਸਪਾਲ ਸਿੰਘ ਸੂਸ

# ...ਤੇ ਤੁਸੀਂ ਲਿਖਿਆ

ਕੁਝ ਦਿਨ ਹੋਏ 'ਵਤਨ' ਮਿਲਿਆ। ਮੇਰੀ ਵਲੋਂ ਬਹੁਤ ਬਹੁਤ ਮੁਬਾਰਕ।

ਮੈਨੂੰ ਇਸ ਗੱਲ ਦੀ ਬਹੁਤ ਖੁਸ਼ੀ ਹੈ ਕਿ ਜਿਸ ਕਮਿਉਨਿਟੀ ਦਾ ਮੈਂ 67 ਸਾਲ ਪਹਿਲਾਂ 1922 ਵਿਚ ਵਿਚ ਵਿਚ ਵਿਚ ਵਿਚ ਵਿਚ ਵਿਚ ਇਕ ਅੰਗ ਹੁੰਦਾ ਸੀ,ਅੱਜ ਕਿੰਨੀ ਸ਼ਾਨਦਾਰ ਤਰੱਕੀ ਕਰ ਗਈ ਹੈ। ਕਿੰਨੀਆਂ ਹੀ ਆਸਾਂ ਪੂਰੀਆਂ ਹੋਈਆਂ ਹਨ, ਕਿੰਨੇ ਹੀ ਸੁਫਨੇ ਸਾਕਾਰ ਹੋਏ ਹਨ, ਪ੍ਰਭਾਵਸ਼ਾਲੀ ਆਰਥਿਕ ਬੁਲੰਦੀਆਂ ਛੋਹੀਆਂ ਹਨ, ਅਤੇ ਗਿਣਨਯੋਗ ਬੌਧਿਕ ਤਰੱਕੀ ਵੀ ਹੋਈ ਹੈ, ਪਰ ਸਾਹਿਤ ਤੇ ਕਲਾ ਰਾਹੀਂ ਆਪਾ ਪ੍ਰਗਟਾਉਣ ਦੀ ਚਾਹਤ ਨਾਲੋਂ ਕੁਝ ਵੀ ਹੋਰ ਮਹੱਤਪੂਰਣ ਨਹੀਂ ਹੈ। ਅਤੇ 'ਵਤਨ' ਇਸ ਰੂਹ ਨੂੰ ਹਲਾਉਣ ਵਾਲੇ ਲਕਸ਼ ਦੀ ਸੁਬੋਲ ਪੇਸ਼ਕਾਰੀ ਲੈ ਕੇ ਆਇਆ ਹੈ।

ਵੀਹਵਿਆਂ ਵਿਚ ਆਪਣੇ ਦੇਸ਼ਵਾਸੀਆਂ ਤੱਕ ਜਾਣਕਾਰੀ ਪਹੁੰਚਾਉਣ ਲਈ ਸਾਨੂੰ ਹੱਥ ਨਾਲ ਲਿਖ ਕੇ ਸਾਈਕਲੋ ਸਟਾਈਲ ਕਰਨਾ ਪੈਂਦਾ ਸੀ। ਹੁਣ ਮੈਂ ਬਹੁਤ ਹੀ ਮਾਣ ਨਾਲ ਆਪਣੇ ਹੱਥ ਸੁੰਦਰ ਛਪਾਈ ਵਾਲਾ ਲਾਲ ਚਿੱਟੇ ਟਾਈਟਲ ਵਾਲਾ ਮੈਗਜ਼ੀਨ ਫੜਿਆ ਹੈ ਜਿਹਦੇ ਵਿਚ ਸਾਡੇ ਇਤਹਾਸ ਦੀ ਇਕ ਬਹੁਤ ਮਹੱਤਪੂਰਨ ਘਟਨਾ ਨੂੰ ਵਾਰਤਕ, ਕਵਿਤਾ, ਤਸਵੀਰਾਂ ਅਤੇ ਨਾਟਕਾਂ ਰਾਹੀਂ ਪੇਸ਼ ਕੀਤਾ ਗਿਆ ਹੈ। ਇਹ 'ਵਤਨ' ਦੀ ਬਹੁਤ ਹੀ ਸੋਹਣੀ ਸ਼ੁਰੂਆਤ ਹੈ।

ਮੈਂ ਇਸ ਪ੍ਰਾਪਤੀ ਤੋਂ ਨਿਹਾਇਤ ਖੁਸ਼ ਹਾਂ। ਕਮਿਉਨਿਟੀ ਦਾ ਇਕ ਪੁਰਾਣਾ ਮੈਂਬਰ ਹੋਣ ਦੇ ਨਾਤੇ ਅਤੇ ਇਸਦਾ ਇਕ ਸਰਗਰਮ ਹਿਤੈਸ਼ੀ ਹੋਣ ਦੇ ਨਾਤੇ ਮੈਂ ਤੁਹਾਡੇ ਤੋਂ ਇਸ ਤੋਂ ਵੀ ਵੱਧ ਦੀ ਆਸ ਰੱਖਦਾ ਹਾਂ। ਮੈਂ ਤੁਹਾਨੂੰ ਕਹਿੰਦਾ ਹਾਂ ਕਿ ਤੁਸੀਂ ਕਮਿਉਨਿਟੀ ਦੇ ਜੀਵਨ ਨੂੰ ਸਭਿਆਚਾਰਕ ਤੇ ਕਲਾਤਮਕ ਤੌਰ ਤੇ ਅਮੀਰ ਬਣਾਉਣ ਲਈ ਇਸ ਤੋਂ ਵੀ ਵੱਡੀਆਂ ਤੇ ਲਗਾਤਾਰ ਕੋਸ਼ਿਸ਼ਾਂ ਕਰੋ।

ਇਸ ਲਈ ਮੈਂ ਤੁਹਾਨੂੰ ਸੱਭ ਨੂੰ ਕਹਿੰਦਾ ਹਾਂ ਕਿ ਤੁਸੀਂ ਇਸ ਨੂੰ ਆਪਣੇ ਤਜ਼ਰਬਿਆਂ ਨੂੰ ਇਸ ਵਿਚ ਪੇਸ਼ ਕਰੋ ਤੇ ਇਸ ਨੂੰ ਆਰਿਥਿਕ ਪੱਖੋਂ ਜਬੂਤ ਬਣਾਓ।

ਸ਼ਬਦ, ਤਾਕਤਵਰ ਸ਼ਬਦ, ਜੋਸ਼ੀਲੇ ਵਾਕ, ਅਰਥਾਂ ਨਾਲ ਭਰਪੂਰ ਤੇ ਮਕਸਦ ਦੀ ਪੂਰਤੀ ਦੀ ਰੌਸ਼ਨੀ ਨਾਲ ਚਮਕਦੇ ਕਿਸੇ ਵੀ ਕਮਿਉਨਿਟੀ ਦੀ ਤਰੱਕੀ ਲਈ ਨਿਹਾਇਤ ਜ਼ਰੂਰੀ ਹੁੰਦੇ ਹਨ। ਹੁਣ ਤੁਹਾਡੇ ਕੋਲ ਇਸ ਕੰਮ ਲਈ ਇਕ ਬਹੁਤ ਢੁੱਕਵਾਂ ਵਸੀਲਾ ਹੈ। ਇਸ ਵਿਚ ਤੁਸੀਂ ਆਪਣੀ ਖੁਸ਼ੀ ਦੇ ਗੀਤ ਗਾਵੋ; ਆਪਣੇ ਆਨੰਦ ਤੇ ਸੰਤਾਪ ਢੁੱਕਵੇਂ ਮੁਹਾਵਰੇ ਵਿਚ ਪ੍ਰਗਟ ਕਰੋ; ਆਪਣੀਆਂ ਮੁਸ਼ਕਲਾਂ ਦਾ ਲੇਖਾ ਜੋਖਾ ਕਰੋ ਤੇ ਉਹਨਾਂ ਦੇ ਹੱਲ ਬਾਰੇ ਚਰਚੇ ਕਰੋ; ਆਪਣੇ ਸੁਪਨਿਆਂ ਨੂੰ ਲਫਜ਼ਬੰਦ ਕਰੋ ਤੇ ਉਹਨਾਂ ਨੂੰ ਸਾਕਾਰ ਕਰਨ ਦੇ ਤੌਰ ਤਰੀਕੇ ਇਸ ਵਿਚ ਵਿਚਾਰੋ।

ਦੂਜਾ ਮੈਂ ਤੁਹਾਨੂੰ ਪੁੱਛਦਾ ਹਾਂ - ਅਮੀਰ ਵਪਾਰੀਆਂ ਨੂੰ; ਆਮ ਕਾਮਿਆਂ ਨੂੰ, ਬੁੱਧੀ-ਜੀਵੀ ਪ੍ਰੋਫੈਸਰਾਂ ਨੂੰ, ਤੇ ਤੇਜ ਵਿਦਿਆਰਥੀਆਂ ਨੂੰ , ਜਿੰਦਗੀ ਦੇ ਹਰ ਹਿੱਸੇ ਦੇ ਮਰਦ ਔਰਤਾਂ ਨੂੰ - ਕਿ ਵਤਨ ਨੂੰ ਆਰਥਿਕ ਮੱਦਦ ਦਿਓ ਤਾਂ ਕਿ ਇਹ ਲਗਾਤਾਰ ਤੁਹਾਡੀ ਸੇਵਾ ਕਰਦਾ ਰਹੇ।

(ਅੰਗਰਜੀ ਤੋਂ ਅਨੁਵਾਦ)

ਡਾਕਟਰ ਸਾਧੂ ਸਿੰਘ ਧਾਮੀ ਜਨੇਵਾ, ਸਵਿਟਜ਼ਰਲੈਂਡ

...ਵਤਨ ਦਾ ਜੁਲਾਈ, ਅਗਸਤ, ਸਤੰਬਰ ਅੰਕ ਮਿਲਿਆ। ਤੁਸੀਂ ਇਸ ਵਿਚ ਕਾਮਾਗਾਟਾ ਮਾਰੂ ਬਾਰੇ ਨਵੀਂ ਅਤੇ ਦੁਰਲੱਭ ਵਾਕਫੀਅਤ ਛਾਪ ਕੇ ਇਸਨੂੰ ਇਕ ਇਤਿਹਾਸਕ ਦਸਤਾਵੇਜ ਬਣਾ ਦਿੱਤਾ ਹੈ। ਮੈਂ ਇਸ ਘਟਨਾ ਬਾਰੇ ਕਈ ਪੁਸਤਕਾਂ ਪੜ੍ਹੀਆਂ ਹੋਈਆਂ ਹਨ, ਪਰ ਉਹ ਭਾਰਤੀਆਂ ਦੀਆਂ ਲਿਖਤਾਂ ਹਨ ਅਤੇ ਭਾਰਤੀਆਂ ਦਾ ਪੱਖ ਪੇਸ਼ ਕਰਦੀਆਂ ਹਨ। ਮੈਂ ਕਈ ਵਾਰ ਸੋਚਿਆ ਕਰਦਾ ਸੀ, ਉਸ ਵੇਲੇ ਦੀਆਂ ਵੈਨਕੂਵਰ ਦੀਆਂ ਅਖਬਾਰਾਂ ਵਿਚ ਕੀ ਛਪਦਾ ਸੀ ? ਗੋਰਿਆਂ ਦਾ ਕੀ ਪੱਖ ਸੀ ? ਇਹ ਛਪਣਾ ਚਾਹੀਦਾ ਹੈ। ਤੁਸੀਂ ਇਸ ਕਿਸਮ ਦੀ ਸੱਮਗਰੀ ਛਾਪਣ ਦੀ ਦਲੇਰੀ ਕੀਤੀ ਹੈ। ਤੁਸੀਂ ਇਤਿਹਾਸ ਖੋਜੀਆਂ ਲਈ Source- Material ਇਕੱਠਾ ਕਰ ਦਿੱਤਾ ਹੈ।

ਮੈਂ ਤੁਹਾਨੂੰ ਇਸ ਚੰਗੇ ਕੰਮ ਲਈ ਵਧਾਈ ਦਿੰਦਾ ਹਾਂ। ਤੁਹਾਡਾ ਪਰਚਾ ਦੇਖ ਕੇ ਤੇ ਪੜ੍ਹਕੇ ਮੈਂ ਇਹ ਵੀ ਸੋਚਦਾ ਹਾਂ ਕਿ ਪੰਜਾਬੀ ਕਮਿਉਨਟੀ ਹੁਣ ਪ੍ਰੋਢ ਹੋ ਰਹੀ ਹੈ, ਕਿਉਂਕਿ ਹੁਣ ਦੇਸ ਪਰਦੇਸ ਦੋਵੀਂ ਥਾਵੀਂ ਖੋਜ ਵੀ ਹੋਣ ਲੱਗੀ ਹੈ, ਤੇ ਆਪਾ ਪੜਚੋਲ ਵੀ। ਮਿਸਾਲ ਦੇ ਤੌਰ ਤੇ ਸੁਰਿੰਦਰ ਧੰਜਲ ਦੀ ਨਜ਼ਮ "ਅਭੁੱਲ ਵਿਰਸੇ ਦੇ ਪੂਜਕ" ਸਿੱਖਾਂ ਜਾਂ ਭਾਰਤੀਆਂ (ਸਮੇਤ ਆਪਾਂ ਸਾਰਿਆਂ ਉੱਤੇ) ਵਿਅੰਗ ਹੈ ਕਿ ਇਤਿਹਾਸਕ ਕਾਰਨਮੇ ਵਡਿਆਈ ਜਾਂਦੇ ਹਾਂ, ਅੱਜ ਦੀ ਜਿੰਦਗੀ ਦੀ ਪ੍ਰਫੁਲਤਾ ਦਾ ਅਨੰਦ ਨਹੀਂ ਮਾਣਦੇ। ਆਸ਼ਾ ਹੈ, ਪਹਿਲੇ 'ਵਤਨੋਂ ਦੂਰ' ਵਾਂਗ 'ਵਤਨ' (ਭਾਵੇਂ ਤ੍ਰੈਮਾਸਕ ਹੀ) ਚਲਦਾ ਰਹੇਗਾ ਤੇ ਕੈਨੇਡੀਅਨ ਪੰਜਾਬੀ ਇਤਿਹਾਸ, ਕੈਨੇਡੀਅਨ ਪੰਜਾਬੀ ਸਾਹਿਤ ਅਤੇ ਕਲਚਰ ਦੀਆਂ ਝਾਕੀਆਂ ਅਤੇ ਸਮੀਖਿਆਵਾਂ ਪੇਸ਼ ਕਰੇਗਾ। ਕਾਮਾਗਾਟਾ ਮਾਰੂ ਬਾਰੇ ਤੁਹਾਡਾ ਨਾਟਕ ਚੰਗਾ ਹੈ।

ਪਿਆਰਾ ਸਿੰਘ ਭੋਗਲ, ਜਲੰਧਰ, ਪੰਜਾਬ।

... 'ਵਤਨ' ਮਿਲਿਆ ਹੈ। ਮੂਲ ਰੂਪ ਵਿਚ ਇਹ ਵਧੀਆ ਗਲ ਹੈ ਕਿ ਤੁਸੀਂ ਮਹਿਸੂਸ ਕਰ ਲਿਆ ਹੈ:"ਸਦਾ 'ਵਤਨੋਂ ਦੂਰ' ਰਹਿਣਾ ਕੋਈ ਇੰਨੀ ਸਿਹਤਮੰਦ ਤੇ ਸਿਆਣੀ ਗੱਲ ਨਹੀਂ", ਤੇ 'ਵਤਨ' ਦੀ ਅਨੁਭੂਤੀ ਕਾਮਾਗਾਟਾ ਮਾਰੂ ਤੋਂ ਕੀਤੀ ਹੈ। ਮਾਰੂ ਨੂੰ ਇਸ ਵਤਨ ਦੀ ਸ਼ੁਰੂਆਤ ਮਿੱਥਣਾ ਬਹੁਤ ਹੀ ਸਿਆਣੀ ਅਤੇ ਸਿਹਤਮੰਦ ਗੱਲ ਹੈ। ਪਰ ਮੇਰੀ ਗੱਲ ਅਜੇ ਹੋਰ ਹੈ। ਮੈਂ ਜਿੰਨਾ ਵਤਨ ਨੂੰ ਲੱਭਦਾ ਹਾਂ ਉੱਨ੍ਹਾਂ ਹੀ ਵਤਨੋਂ ਦੂਰ ਹੁੰਦਾ ਹਾਂ। ਤੁਹਾਨੂੰ ਕੀ ਦੱਸਣਾ ਤੁਸੀਂ ਇਨ੍ਹਾਂ ਪਾਣੀਆਂ ਵਿੱਚੀਂ ਲੰਘ ਹੀ ਚੁੱਕੇ ਹੋ। ਪਰ ਮੇਰਾ ਪੂਰਾ ਸਹਿਯੋਗ ਵਤਨ ਦੇ ਨਾਲ ਹੈ। ਛੇਤੀਂ ਹੀ ਰਚਨਾਵਾਂ ਭੇਜਣ ਦੀ ਕੋਸ਼ਿਸ਼ ਕਰਾਂਗਾ।

ਸੁਖਪਾਲ, ਜਨੇਵਾ, ਸਵਿਟਜ਼ਰਲੈਂਡ।

... ਜੁਲਾਈ, ਅਗਸਤ, ਸਤੰਬਰ 89 ਦਾ ਪਲੇਠਾ "ਵਤਨ" ਮੇਰੇ ਹੱਥਾਂ ਵਿਚ ਹੈ। ਤੁਸੀਂ ਯਾਰ ਬੜੀ ਮਿਹਨਤ ਕਰਦੇ ਹੋ। ਪਤਾ ਨਹੀਂ ਕਿੰਨ੍ਹੀਆਂ ਰਾਤਾਂ ਜਾਗ ਕੇ ਇੰਨ੍ਹਾਂ ਵਧੀਆ ਅਤੇ ਇਤਿਹਾਸਕ ਮੈਟਰ ਇਕੱਠਾ ਕਰਕੇ

ਪਰਚੇ 'ਚ ਜੜ ਦਿੱਤਾ ਹੈ। ਵਧਾਈ ਕਬੂਲ ਕਰੋ।

ਹਰੀਸ਼ ਮਲਹੋਤਰਾ, ਬਰਮਿੰਘਮ, ਇੰਗਲੈਂਡ।

'ਪੰਜਾਬੀ ਦਰਪਣ' 'ਚੋਂ ਹੁਣੇ ਹੀ ਤੁਹਾਡੇ ਮੈਗਜ਼ੀਨ 'ਵਤਨ' ਬਾਰੇ ਪੜ੍ਹ ਕੇ ਤੁਹਾਨੂੰ ਬੇਨਤੀ ਪੱਤਰ ਲਿਖ ਰਿਹਾਂ ਹਾਂ।...ਤੁਸੀਂ ਪਰਚਾ ਹੇਠ ਲਿਖੇ ਪਤੇ ਤੇ ਜਾਰੀ ਕਰ ਸਕੋ ਤਾਂ ਧੰਨਵਾਦੀ ਹੋਵਾਂਗਾ।...ਬਾਹਰ ਬੰਦਾ ਟੁੱਟਿਆ ਜਿਹਾ ਮਹਿਸੂਸ ਕਰਦਾ ਹੈ ਪਰ ਜੇ ਤੁਹਾਡੇ ਵਰਗੇ ਯਤਨਾਂ ਨਾਲ ਆਪਣਾ ਜੋੜੀ ਰੱਖੇ ਤੱਦ ਹੀ ਭਲਾ ਹੈ।

ਕੇਹਰ ਸ਼ਰੀਫ-ਵੈਸਟ ਜਰਮਨੀ।

ਅੱਜ ਹੀ 'ਵਤਨ' ਮਿਲਿਆ। ਪਰਚੇ ਦੀ ਦੱਖ ਅਤਿ ਸੁੰਦਰ ਤੇ ਮਟੀਰੀਅਲ ਵੀ ਸ਼ਲਾਘਾਯੋਗ ਹੈ। ਤੁਹਾਡਾ ਇਹ ਯਤਨ ਬਹੁਤ ਹੀ ਵਧੀਆ ਹੈ। ਪਲੇਠਾ ਅੰਕ ਵੇਖ ਮਨ ਬਹੁਤ ਹੀ ਖੁਸ਼ ਹੋਇਆ। ਕਿਤੇ ਅਜਿਹਾ ਪਰਚਾ ਮਾਸਿਕ ਕਰ ਲਵੋ ਤਾਂ ਹੋਰ ਵੀ ਚੰਗਾ ਹੈ। ਖੈਰ ਇਹ ਤੁਹਾਡੀ ਮਜਬੂਰੀ ਦਾ ਕਾਰਨ ਵੀ ਹੋ ਸਕਦਾ ਹੈ ਕਿ ਪਰਚਾ ਤ੍ਰਿਮਾਸਕ ਕਿਉਂ ?...

ਗੁਰਦਿਆਲ ਕੰਵਲ, ਟਰਾਂਟੋ।

ਤੁਸੀਂ ਪੰਜਾਬੀ ਵਿਚ 'ਵਤਨ' ਤ੍ਰੈਮਾਸਿਕ ਪੱਤਰਕਾ ਕੱਢ ਕੇ ਇਕ ਸ਼ਲਾਘਾਯੋਗ ਉਪਰਾਲਾ ਕੀਤਾ ਹੈ। ਇਹਦਾ ਪ੍ਰਵੇਸ਼ ਅੰਕ ਤੁਸੀਂ 'ਕਾਮਾਗਾਟਾ ਮਾਰੂ' ਅੰਕ ਕੱਢਿਆ ਹੈ - 'ਕਾਮਾਗਾਟਾ ਮਾਰੂ' ਦੇ ਦੁਖਾਂਤ ਦੀ ਆਪਣੀ ਇਤਿਹਾਸਕ ਮਹੱਤਤਾ ਹੈ - ਇਹ ਦੁਖਾਂਤ ਸਾਨੂੰ ਇਸ ਤੱਥ ਦਾ ਡੂੰਗਾ ਅਹਿਸਾਸ ਵੀ ਕਰਾਉਂਦਾ ਹੈ ਕਿ ਸਾਡੇ ਇਤਿਹਾਸਕ ਵਿਰਸੇ ਵਿਚ ਅਜੇਹੇ ਲੋਕ ਵੀ ਹੋਏ ਹਨ ਜਿਨ੍ਹਾਂ ਨੇ ਮੌਤ ਅਤੇ ਮੁਸੀਬਤਾਂ ਦੀ ਪ੍ਰਵਾਹ ਨਾ ਕਰਦਿਆਂ ਬੜੀ ਦ੍ਰਿੜਤਾ ਤੇ ਵਿਸ਼ਵਾਸ ਨਾਲ ਆਪਣੇ ਸਮੇਂ ਦੇ ਜਾਬਰ ਨਿਜ਼ਾਮ ਦਾ ਵਿਰੋਧ ਕੀਤਾ, ਅੱਜ ਵੀ ਅਸੀਂ ਉਸ ਮਹਾਨ ਵਿਰਸੇ ਤੋਂ ਪ੍ਰੇਰਨਾ ਲੈ ਰਹੇ ਹਾਂ। ਤੁਹਾਡੇ ਲਈ, ਤੁਹਾਡੇ ਕੈਨੇਡੀਅਨ ਭਾਈਚਾਰੇ ਲਈ ਤਾਂ ਇਹਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਇਸ ਦੁਖਾਂਤ ਦੇ ਸ਼ਿਕਾਰ ਲੋਕਾਂ ਨੇ ਸਿਰਫ ਭਾਰਤ ਦੀ ਆਜ਼ਾਦੀ ਲਈ ਹੀ ਨਹੀਂ ਆਪਣੇ ਕੈਨੇਡੀਅਨ ਲੋਕਾਂ ਲਈ ਇਕ ਲੰਬਾ ਤੇ ਔਖਾ ਸੰਘਰਸ਼ ਕੀਤਾ ਸੀ। ਜਿਹੜੀ ਘੁੰਮਣਘੇਰੀ ਵਿੱਚ ਅੱਜ ਪੰਜਾਬ ਘਿਰਿਆ ਪਿਆ ਹੈ - ਜਿਹੜੀਆਂ ਪ੍ਰਸਥਿਤੀਆਂ ਦਾ ਲੋਕਾਂ ਨੂੰ ਇਥੇ ਸਾਹਮਣਾ ਕਰਨਾ ਪੈ ਰਿਹਾ ਹੈ - ਇਸ ਸੱਭ ਕੁਝ ਨੂੰ ਦੇਖਦਿਆਂ ਸ਼ਾਇਦ ਉਨ੍ਹਾਂ ਲਈ ਇਹਦਾ ਓਡਾ ਮਹੱਤਵ ਨਾ ਹੋਵੇ, ਪਰੰਤੂ ਫੇਰ ਵੀ ਗੰਭੀਰ ਪਾਠਕਾਂ ਲਈ ਤਾਂ ਸਾਂਭਣਯੋਗ ਅੰਕ ਹੈ।

ਮੈਂ ਇਹਦੇ ਵਿਚੋਂ ਤਕਰੀਬਨ ਸਾਰੀਆਂ ਕਵਿਤਾਵਾਂ ਪੜ੍ਹੀਆਂ ਹਨ, ਜੋ ਕਾਫੀ ਪ੍ਰਭਾਵਸ਼ਾਲੀ ਹਨ। ਤੁਸੀਂ ਇਸ ਪੱਤਰਕਾ ਵਿਚ ਸਮੇਂ ਸਮੇਂ ਸਾਹਿਤ, ਫਲਸਫੇ ਤੇ ਰਾਜਨੀਤੀ ਬਾਰੇ ਵੀ ਅਲੋਚਨਾਤਮਕ ਲੇਖ ਦਿੰਦੇ ਰਿਹਾ ਕਰੋ, ਪਰੰਤੂ ਰਾਜਨੀਤੀ ਸਾਹਿਤ ਤੇ ਕਲਾ 'ਤੇ ਹਾਵੀ ਨਹੀਂ ਹੋਣੀ ਚਾਹੀਦੀ - ਉਸ ਫਲਸਫੇ ਬਾਰੇ ਵੀ ਸਮੇਂ ਸਮੇਂ ਗਲ ਕਰੋ ਜਿਹੜਾ ਸਾਡੇ ਸਮਾਜ ਨੂੰ ਲਗਾਤਾਰ ਇਕ ਹਜ਼ਾਰ ਸਾਲਾਂ ਤੋਂ ਖੜੋਤ ਦੀ ਅਵਸਥਾ ਵਿਚ ਰੱਖ ਰਿਹਾ ਹੈ

ਗੁਰਬਖਸ਼ ਜੱਸ, ਹੁਸ਼ਿਆਰਪੁਰ

ਵੈਨਕੂਵਰ ਆਇਆਂ ਵਤਨ ਦੇ ਵਿਸ਼ੇਸ਼ ਅੰਕ ਦੀ ਇਕ ਪ੍ਰਤਿ ਮਿਲੀ। ਤੁਸੀਂ ਕਾਫੀ ਮਿਹਨਤ ਕੀਤੀ ਹੈ। ਇਤਿਹਾਸਕ ਤੇ ਕਾਨੂੰਨੀ ਦੋਚੁਮੇਨਤਸ ਦਾ ਅਨੁਵਾਦ ਪੰਜਾਬੀ ਜਨਤਾ ਨੂੰ ਪੇਸ਼ ਕਰਨਾ ਜਰੂਰੀ ਹੈ।

ਡਾਕਟਰ ਅਮਰਿਤਜੀਤ ਸਿੰਘ, ਰ੍ਹੋਡ ਆਇਲੈਂਡ, ਅਮਰੀਕਾ

... 'ਵਤਨ' ਨਾਂ ਦੇ ਹੇਠ ਇਕ ਨਵੀਂ, ਸੁੰਦਰ ਤੇ ਸਾਂਭਣਯੋਗ ਸੁਗਾਤ ਵੀ ਮਿਲੀ ਹੈ। ਇਹਨੂੰ ਸੋਚਣ, ਵਿਉਂਤਣ, ਪਰਬੰਧਣ ਤੇ ਪਰਕਾਸ਼ਣ ਆਦਿ ਲਈ ਜੋ ਉੱਦਮ, ਮਿਹਨਤ ਤੇ ਖਰਚ ਤੁਸਾਂ ਤੇ ਤੁਹਾਡੇ ਸੁਹਿਰਦ ਸਾਥੀਆਂ ਨੇ ਕੀਤਾ ਹੈ ਉਹ ਕੇਵਲ ਵਧਾਈਯੋਗ ਤੇ ਸ਼ਲਾਘਾਯੋਗ ਹੀ ਨਹੀਂ, ਧੰਨਵਾਦਯੋਗ ਤੇ ਰੀਸ ਕਰਨਯੋਗ ਵੀ ਹੈ। ਇਸਦਾ ਇਹ ਪਹਿਲਾ ਅੰਕ ਹੀ ਇਸ ਦਾ ਯਾਦਗਾਰੀ ਅੰਕ ਤੇ ਇਕ ਹਵਾਲਾ ਕਿਰਤ ( reference work ) ਬਣ ਨਿਬੜਿਆ ਹੈ ਜਿਸ ਲਈ ਇਸ ਦੇ ਸੱਭ ਲੇਖਕਾਂ ਅਨੁਵਾਦਕਾਂ, ਸੰਪਾਦਕਾਂ ਤੇ ਪਰਕਾਸ਼ਕਾਂ ਆਦਿ ਨੂੰ ਸਾਡੀਆਂ ਲੱਖ ਲੱਖ ਵਧਾਈਆਂ, ਸਦ ਸਦ ਮੁਬਾਰਕਾਂ, ਹਾਰਦਿਕ ਸੁਭ ਇਸ਼ਾਵਾਂ ਤੇ ਹਲਾਸ਼ੇਰੀਆਂ।

ਡਾਕਟਰ ਹਰਨਾਮ ਸਿੰਘ ਸ਼ਾਨ

ਤ੍ਰੈਮਾਸਿਕ 'ਵਤਨ' ਦੀ ਪ੍ਰਕਾਸ਼ਨਾ ਨੂੰ ਜੀ ਆਇਆਂ। ਇਹ ਕਨੇਡੀਅਨ ਪੰਜਾਬੀ ਸਾਹਿਤ ਦੀ ਪ੍ਰਫੁੱਲਤਾ ਵਲ ਇਕ ਲੋੜੀਂਦਾ ਅਤੇ ਮਹੱਤਵ ਪੂਰਣ ਕਦਮ ਹੈ। ਕੈਨੇਡਾ ਦੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀਆਂ ਪ੍ਰੰਪਰਾਵਾਂ ਅਜੇ ਧੁੰਦਲੀਆਂ ਹਨ। ਇਹਨਾਂ ਦੀ ਰੂਪ ਰੇਖਾ, ਲੇਖਕਾਂ ਕਲਾਕਾਰਾਂ ਅਤੇ ਹੋਰ ਬੁਧੀਜੀਵੀਆਂ ਦੇ ਨਿਰੰਤਰ ਯਤਨਾਂ ਨਾਲ ਹੀ ਉਭਰ ਸਕੇਗੀ। ਇਹਨਾਂ ਯਤਨਾਂ ਦੇ ਸੰਚਾਰ ਲਈ 'ਵਤਨ' ਵਰਗੇ ਮਾਧਿਅਮ ਦੀ ਜਰੂਰਤ ਹੈ। ਉਮੀਦ ਹੈ 'ਵਤਨ' ਦੀ ਸੁਰ ਅਤੇ ਸ਼ੈਲੀ ਗੰਭੀਰ ਰਹੇਗੀ, ਅਤੇ ਸਾਹਿਤ-ਸਾਮੱਗਰੀ ਦੀ ਚੋਣ ਵਿਚ ਕਲਾਤਮਿਕ ਪੱਖ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾਵੇਗਾ।

ਵਤਨ ਦੇ ਪਹਿਲੇ ਅੰਕ ਵਿਚ ਮਿਹਨਤ ਕਰਕੇ ਸਾਡੇ ਵਿਰਸੇ ਦੀਆਂ ਮਹੱਤਵ ਪੂਰਣ ਇਤਿਹਾਸਕ ਲਿਖਤਾਂ ਇਕੱਤਰ ਕੀਤੀਆਂ ਗਈਆਂ ਹਨ ਜਿਸ ਲਈ ਅਦਾਰਾ ਵਤਨ ਦੇ ਸਾਰੇ ਕਾਮੇ ਵਧਾਈ ਦੇ ਹੱਕਦਾਰ ਹਨ। ਉਮੀਦ ਹੈ ਅਗੋਂ ਇਸੇ ਤਰ੍ਹਾਂ ਮਿਹਨਤ ਸਿਰਜਨਾਤਮਕ ਸਾਹਿਤ ਲਈ ਜਾਰੀ ਰਹੇਗੀ।

ਸੁਭ ਇਸ਼ਾਵਾਂ।

ਅਜਮੇਰ ਰੋਡੇ

ਤੁਹਾਡੇ 'ਵਤਨ' ਦਾ ਪਹਿਲਾ "ਕਾਮਾਗਾਟਾ ਮਾਰੂ ਅੰਕ" ਮਿਲਿਆ। ... ਇਹ ਪਰਚਾ ਅਸਾਂ ਇਕੋ ਸਾਹੇ/ਡੀਕੇ ਪੜ੍ਹਿਆ ਹੈ - ਤੇ ਜੀਵਨ ਭਰ ਲਈ ਹਿੱਕ ਨਾਲ ਲਾ ਕੇ ਰੱਖਣਾ ਹੈ - ਵਾਕਈ ਇਹ ਇਕ ਸਿਰੇ ਦੀ ਚੀਜ਼ ਹੋ ਨਿਬੜੀ ਹੈ।

ਆਸ ਹੈ ਕਿ ਅੱਗੋਂ ਵੀ ਇਸੇ ਤਰ੍ਹਾਂ ਦੀ ਵਧੀਆ ਸਮੱਗਰੀ ਦੇਸ਼ ਵਾਸੀਆਂ ਨੂੰ ਪੁਜਾਏਗਾ ।

ਮਲਵਿੰਦਰਜੀਤ ਸਿੰਘ , ਲੁਧਿਆਣਾ

ਵਤਨ ਦਾ ਤੁਸੀਂ ਮੁੱਢ ਬੰਨਿਆਂ, ਇਸ ਨੂੰ ਤੋੜ ਨਿਭਾਇਓ।

ਬਿਸ਼ਨ ਸਿੰਘ ਔਜਲਾ, ਵਿਕਟੋਰੀਆ

'ਵਤਨ' ਭੇਜਣ ਲਈ ਸ਼ੁਕਰੀਆ। ਪਰਚੇ ਦੀ ਦੱਖ, ਪਰੂਫ ਦੀਆਂ ਗਲਤੀਆਂ ਤੋਂ ਮੁਕਤ ਛਪਾਈ, ਤੇ ਮੈਟਰ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ। 'ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ' ਸੰਭਾਲ ਕੇ ਰੱਖਣ ਵਾਲਾ ਹੈ ਤੇ ਮੈਂ ਰੱਖ ਵੀ ਲਿਆ ਹੈ। ਜਦੋਂ ਵੀ ਏਡਾ ਵਧੀਆ ਪਰਚਾ ਨਿਕਲਦਾ ਹੈ ਤਾਂ ਖੁਸ਼ੀ ਦੇ ਨਾਲ ਨਾਲ ਇਕ ਡਰ ਵੀ ਪੈਦਾ ਹੋ ਜਾਂਦਾ ਹੈ ਕਿ ਪੰਜਾਬੀ ਕੌਮ ਦੀ ਨਾ-ਪੜਣ ਦੀ ਰੁਚੀ ਪਰਚਾ ਬੰਦ ਨਾ ਕਰਵਾ ਦੇਵੇ।

ਪੰਜਾਬੀ ਸਾਹਿਤ ਜਿਥੇ ਵਿਕਾਸ ਦੀਆਂ ਪੌੜੀਆਂ ਚੜ ਰਿਹਾ ਹੈ ਉਥੇ ਪਾਠਕਾਂ ਦਾ ਘੇਰਾ ਸੁੰਗੜਦਾ ਜਾ ਰਿਹਾ ਹੈ। 'ਲੋਅ' ਬੰਦ ਹੋ ਗਿਆ ਹੈ। 'ਨਾਗਮਣੀ' ਬੰਦ ਕਰਨ ਦਾ ਐਲਾਨ ਹੋ ਗਿਆ ਹੈ। ... ਤੁਸੀਂ ਇਸ ਪਰਚੇ ਰਾਹੀਂ ਮੇਰੀ ਇਸ ਧਾਰਨਾ ਨੂੰ ਗਲਤ ਸਾਬਤ ਕੀਤਾ ਹੈ। ਸ਼ੁਕਰੀਆ। ਕਾਸ਼ ਮੇਰੀ ਇਹ ਸੋਚ ਹਮੇਸ਼ਾਂ ਗਲਤ ਸਿੱਧ ਹੁੰਦੀ ਰਹੇ - ਤੁਹਾਡੇ ਵਰਗੇ ਸਰਸਵਤੀ ਦੇ ਵਫਾਦਾਰ ਪੁੱਤਰਾਂ ਸਦਕਾ। ਸ਼ਾਬਾਸ਼!

ਤੁਹਾਨੂੰ ਹਰ ਤਰ੍ਹਾਂ ਦੀ ਮਿਲਵਰਤਣ ਦੇਣ ਦਾ ਵਾਇਦਾ ਕਰਦਾ ਹਾਂ।

ਰਘੁਬੀਰ ਢੰਡ, ਇੰਗਲੈਂਡ

ਮੈਨੂੰ 'ਵਤਨ' ਮਿਲ ਗਿਆ ਹੈ। ਜਿੰਨ੍ਹਾ ਵੀ ਪੜ੍ਹਿਆ ਹੈ ਕਾਫੀ ਦਿਲਚਸਪ ਹੈ। ਇਸ ਤਰ੍ਹਾਂ, ਦੀਆਂ ਇਤਿਹਾਸਕ ਅਤੇ ਮਹੱਤਵਪੂਰਨ ਘਟਨਾਵਾਂ ਬਾਰੇ ਜੋ ਵੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ, ਬਹੁਤ ਕਰਕੇ ਅਧੂਰੀ ਅਤੇ ਸੱਚ ਤੋਂ ਊਣੀ ਹੁੰਦੀ ਹੈ। ਤੁਹਾਡਾ ਸਾਰਿਆਂ ਦਾ ਇਹ ਉੱਦਮ, ਕਿ ਇਨ੍ਹਾਂ ਸਾਰੀਆਂ ਵਾਪਰੀਆਂ ਘਟਨਾਵਾਂ ਨੂੰ ਇਕੱਠਿਆਂ ਕਰਕੇ ਇਕ ਰੂਪ ਵਿਚ ਪੇਸ਼ ਕਰਨ ਦਾ ਉੱਦਮ ਬਹੁਤ ਸ਼ਲਾਘਾਯੋਗ ਹੈ। ਸਫਲਤਾ ਤੁਹਾਡਾ ਹਰ ਕਦਮ ਉਪਰ ਪੂਰਾ ਸਾਥ ਦੇਵੇ।

ਬਹਾਦਰ ਸਹੋਤਾ, ਮੌਂਟਰੀਅਲ।

'ਵਤਨ' ਦਾ ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ ਪ੍ਰਾਪਤ ਹੋਇਆ ਹੈ। ਖੁਸ਼ੀ ਦਾ ਇਜ਼ਹਾਰ ਕਰਨ ਲਈ ਮੇਰੇ ਪਾਸ ਅੱਖਰ ਨਹੀਂ ਹਨ। ਆਪਣੀ ਬੋਲੀ, ਸਾਹਿਤ ਅਤੇ ਸਭਿਆਚਾਰ ਦੀ ਸੰਭਾਲ ਕਰਨ ਲਈ ਤੁਸੀਂ ਵਰ੍ਹਿਆਂ ਤੋਂ ਸੁਹਿਰਦਤਾ ਭਰਪੂਰ ਯੋਗਦਾਨ ਪਾਉਂਦੇ ਆ ਰਹੇ ਹੋ। 'ਵਤਨੋਂ ਦੂਰ' ਦੇ ਅਲੋਪ ਹੋਣ ਕਰਕੇ ਇਕ ਵੱਡੀ ਘਾਟ ਮਹਿਸੂਸ ਹੋ ਰਹੀ ਸੀ। ਪਰ ਤੁਹਾਡੀ ਸੱਚੀ ਲਗਨ, ਘਾਲਣਾ ਅਤੇ ਨਿਸ਼ਕਾਮ ਸੇਵਾ ਨੇ ਪਾਠਕਾਂ ਦੀ ਉਦਾਸੀ ਨੂੰ ਮੁੜ ਖੁਸ਼ੀ ਵਿੱਚ ਬਦਲ ਕੇ ਰੱਖ ਦਿੱਤਾ ਹੈ।...

ਕਸ਼ਮੀਰਾ ਸਿੰਘ ਚਮਨ, ਕੈਲਗਰੀ।

... ਵਤਨ ਦਾ ਪਹਿਲਾ ਅੰਕ ਪ੍ਰਾਪਤ ਹੋਇਆ ਹੈ। ਮਿਹਨਤ ਤੇ ਲਗਨ ਲਈ ਦਿਲੀ ਮੁਬਾਰਕਾਂ। ਤੁਹਾਡਾ ਉੱਦਮ ਨਿਸਚੇ ਹੀ ਬੇਹੱਦ ਸ਼ਲਾਘਾਯੋਗ ਹੈ। ਬਦੇਸ਼ ਰਹਿਕੇ ਏਡਾ ਖ਼ੂਬਸੂਰਤ ਪਰਚਾ ਕਢਣਾ ਬੜੀ ਮਾਅਰਕੇ ਦੀ ਗਲ ਹੈ। ਸੰਪਾਦਨ ਦੇ ਪੱਖੋਂ ਵੀ ਵੇਖਿਆਂ ਇਹੋ ਜਾਪਦਾ ਹੈ ਕਿ ਤੁਸੀਂ ਚੋਖੀ ਮਿਹਨਤ ਕੀਤੀ ਹੈ। ਮੇਰੀਆਂ ਸ਼ੁਭਇੱਛਾਵਾਂ ਤੁਹਾਡੇ ਨਾਲ ਹਨ।

ਅਜੀਤ ਸਿੰਘ ਕੱਕੜ, ਪਟਿਆਲਾ, ਪੰਜਾਬ।

'ਵਤਨੋਂ ਦੂਰ', 'ਕਲਮ' ਤੇ ਹੁਣੇ ਹੁਣੇ 'ਕੈਨੇਡਾ ਦਰਪਣ' ਦਾ ਅਲੋਪ ਹੋ ਜਾਣਾ, ਅਸਾਡੇ ਸਾਰਿਆਂ ਲਈ ਮੰਦਭਾਗੀ ਗੱਲ ਹੈ। ਨੀਲੇ ਪੀਲੇ ਹੀ ਰਿੰਡ ਪਰਧਾਨ ਬਣੇ ਬੈਠੇ ਹਨ। ਤੁਹਾਡਾ ਉਪਰਾਲਾ ਸੁਲਾਹੁਣਯੋਗ ਹੈ। ਸ਼ਾਲਾ! ਇਹ ਸਾਹਿਤਕ ਪੇਪਰ ਚਿਰਜੀਵੀ ਤੇ ਮੁੱਲਵਾਨ ਬਣਿਆਂ ਰਹੇ। 'ਵਤਨ' ਦੀ ਸ਼ੁਰੂਆਤ ਤੇ ਤੁਹਾਨੂੰ ਮੁਬਾਰਕ।

ਯੁਵਰਾਜ ਰਤਨ, ਵਿਨੀਪੈਗ

ਆਪ ਦਾ ਪਹਿਲਾ ਸਾਹਿਤਕ ਤੇ ਸਭਿਆਚਾਰਕ ਪਰਚਾ ਪੜ੍ਹਕੇ ਬਹੁਤ ਹੀ ਖੁਸ਼ੀ ਹੋਈ ਹੈ। ਪੰਜਾਬ ਦੇ ਵੀਰ ਜੋ ਇਸ ਧਰਤੀ ਤੋਂ ਦੂਰ ਹਨ ਉਨ੍ਹਾਂ ਨੂੰ ਆਪਣੇ ਸਭਿਆਚਾਰ, ਆਪਣੀ ਮਾਂ ਬੋਲੀ ਤੇ ਆਪਣੇ ਵਤਨ ਨਾਲ ਇਨ੍ਹਾਂ ਪਿਆਰ ਹੈ ਇਸਦਾ ਅੰਦਾਜ਼ਾ ਹੀ ਨਹੀ ਸੀ। ਮੈਂ ਤਾਂ ਇਹ ਸਮਝਦਾ ਸੀ ਕਿ ਬਹੁਤ ਸਾਰੇ ਲੋਕ ਜੋ ਯੂਰਪ ਜਾਂ ਅਮਰੀਕਾ ਕੈਨੇਡਾ ਵਿਚ ਪੱਕੇ ਤੌਰ ਤੇ ਵਸ ਗਏ ਹਨ ਉਹ ਪੰਜਾਬੀ ਸਭਿਆਚਾਰ ਤੇ ਪੰਜਾਬੀ ਬੋਲੀ ਨੂੰ ਸ਼ਾਇਦ ਬਹੁਤ ਨੀਵਾਂ ਸਮਝਦੇ ਹੋਣਗੇ। ਪਰ ਤੁਹਾਡੇ ਇਸ ਪਰਚੇ ਨੂੰ ਪੜ੍ਹਕੇ ਇਹ ਭਰਮ ਟੁੱਟਾ ਗਿਆ ਹੈ ਤੇ ਇਵੇਂ ਮਹਿਸੂਸ ਹੁੰਦਾ ਹੈ ਕਿ ਜਿਹੜਾ ਜੋਸ਼ ਆਪਣੇ ਵਤਨ ਲਈ ਅਜ ਤੋਂ ਪਝੱਤਰ ਵਰ੍ਹੇ ਪਹਿਲਾਂ 'ਮਾਰੂ' ਦੇ ਮੁਸਾਫਰਾਂ ਜਾਂ ਉਸ ਵੇਲੇ ਕੈਨੇਡਾ ਵਿਚ ਵਸਦੇ ਹਿੰਦੁਸਤਾਨੀਆਂ ਦੇ ਮਨਾਂ ਵਿਚ ਸੀ ਉਸ ਨਾਲੋਂ ਵੀ ਵੱਧ ਜੋਸ਼ ਤੇ ਪਿਆਰ ਇਸ ਵਤਨ ਲਈ ਇਸਦੇ ਪ੍ਰਫੁਲੱਤ ਸਭਿਆਚਾਰ ਲਈ ਤੇ ਇਸ ਬੋਲੀ ਲਈ ਹੁਣ ਦੇ ਕੈਨੇਡਾ ਨਿਵਾਸੀ ਪੰਜਾਬੀਆਂ ਵਿਚ ਮੌਜੂਦ ਹੈ।

ਪੰਜਾਬੀਅਤ ਨੂੰ ਕੈਨੇਡਾ ਵਿਚ ਉਚਾ ਚੁੱਕਣ ਦੇ ਇਸ ਉਪਰਾਲੇ ਲਈ ਆਪਨੂੰ ਤੇ ਆਪ ਦੇ ਸਾਥੀਆਂ ਨੂੰ ਬਹੁਤ ਬਹੁਤ ਵਧਾਈ।

ਰਕੇਸ਼ ਕੁਮਾਰ, ਹੁਸ਼ਿਆਰਪੁਰ

ਪਰਚੇ ਦਾ ਅਰੰਭਕ ਅੰਕ ਸੋਹਣਾ ਸੀ, ਜਾਣਕਾਰੀ ਭਰਪੂਰ, ਕਾਫੀ ਮਿਹਨਤ ਕੀਤੀ ਸੀ , ਆਸ ਹੈ ਇਸੇ ਤਰ੍ਹਾਂ ਹੀ ਲੜੀ ਚਲਦੀ ਜਾਏਗੀ, ਵਤਨ ਵੀ ਆਪਣੀ ਵਿਲੱਖਣ ਜਗ੍ਹਾ ਬਣਾ ਲਵੇਗਾ।

'ਵਤਨ' ਵਿਚ ਸਭਿਆਚਾਰਕ ਸਰਗਰਮੀਆਂ ਅਤੇ ਨਵ-ਲੇਖਕਾਂ (ਕਨੇਡਾ ਦੇ) ਲਈ ਖਾਸ ਪਹੁੰਚ ਅਪਣਾਈ ਰੱਖਿਓ - ਸਭਿਆਚਾਰਕ ਕਾਲਮ 'ਚ ਨਾਟਕਾਂ ਦੀਆਂ ਸਕਰਿਪਟਸ ਵੀ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ।

ਰਾਜ, ਕੈਲਗਰੀ

'ਵਤਨ' ਦੇ ਪਹਿਲੇ ਅੰਕ 'ਕਾਮਾਗਾਟਾਮਾਰੂ, ਵਿਸ਼ੇਸ਼ ਅੰਕ' ਦੀ ਪ੍ਰਕਾਸ਼ਨਾ ਇਕ ਅਜਿਹੀ ਯਾਦਗਾਰੀ ਘਟਨਾ ਹੈ, ਜਿਹੜੀ ਸਾਹਿਤਕ ਪੱਤਰਕਾਰੀ ਅਤੇ ਸਾਹਿਤਕ ਖੋਜ ਦੇ ਇਤਿਹਾਸ ਵਿਚ ਕਦੇ ਕਦਾਈਂ ਹੀ ਵਾਪਰਦੀ ਹੈ - ਮੁਬਾਰਕਵਾਦ !

ਲੇਅ-ਆਉਟ ਅਤੇ ਪਰੂਫ ਰੀਡਿੰਗ ਵੱਲ ਹੋਰ ਧਿਆਨ ਦੀ ਲੋੜ ਹੈ।

ਪਰਚੇ ਦੀ ਸਫਲਤਾ ਲਈ ਪ੍ਰਬੰਧਕਾਂ ਵਿਚ ਸਾਹਿਤਕ ਸਮਰੱਥਾ, ਸਿਰੜ, ਸੁਹਿਰਦਤਾ ਅਤੇ ਸਿਧਾਂਤਕ ਸਪੱਸ਼ਟਤਾ ਦੇ ਸੁਚੱਜੇ ਸੁਮੇਲ ਦੀ ਲੋੜ ਹੁੰਦੀ ਹੈ - ਇਸ ਲੋੜ ਦੀ ਮਹੱਤਤਾ ਨੂੰ ਸਮਝਣ ਦਾ ਤੁਹਾਡੇ ਕੋਲ

ਚੋਖਾ ਤਜ਼ਰਬਾ ਹੈ - ਵੰਗਾਰ ਹੈ ਇਸ ਲੋੜ ਦੀ ਕਸਵੱਟੀ 'ਤੇ ਲਗਾਤਾਰ ਪੂਰਾ ਉਤਰਨ ਦੀ। ਇਸ ਵੰਗਾਰ ਨਾਲ ਐਵੇਂ ਕਲੋਲਾਂ ਜਿਹੀਆਂ ਕਰਨ ਵਾਲੇ ਪਰਚੇ ਬੜੀ ਛੇਤੀ ਕਬਰਾਂ 'ਚ ਜਾ ਬਿਰਾਜਦੇ ਹਨ।

ਤੁਹਾਡੀ ਜ਼ਿੰਮੇਵਾਰੀ ਏਸ ਕਰਕੇ ਵੀ ਵੱਧ ਜਾਂਦੀ ਹੈ ਕਿ ਅੱਜ ਕੈਨੇਡਾ ਦੇ ਅਗਾਂਹਵਧੂ ਪੰਜਾਬੀ ਭਾਈਚਾਰੇ ਕੋਲ ਇਕ ਵੀ ਚੱਜ ਦਾ ਸਾਹਿਤਕ/ਪੱਤਰਕਾਰ ਥੜ੍ਹਾ ਨਹੀਂ ਹੈ - ਪਰਚੇ ਨੂੰ ਮਾਸਕ ਨਹੀਂ ਤਾਂ ਘੱਟੋ ਘੱਟ ਦੋਮਾਸਕ ਕਰਨ ਦੀ ਕੋਸ਼ਿਸ਼ ਜ਼ਰੂਰ ਕਰੋ।

ਸੁਰਿੰਦਰ ਧੰਜਲ, ਕੈਮਲੂਪਸ ਬੀ.ਸੀ.।

ਪਰਚਾ ਮਿਲਿਆ। ਖੜ੍ਹੇ ਪਾਣੀਆਂ ਵਿਚ ਏਧਰ ਤੁਸਾਂ ਤੇ ਓਧਰ ਪੂਰਬ ਵਿਚ ਸੁਖਿੰਦਰ ਨੇ ਠੀਮ ਮਾਰਨ ਦਾ ਅੱਛਾ ਯਤਨ ਕੀਤਾ ਹੈ। ਮੌਲਕ ਸਾਹਿਤ ਦੇ ਪ੍ਰਕਾਸ਼ਨ ਲਈ, ਏਧਰ ਕੈਨੇਡਾ ਵਿਚ ਮਾਸਕ ਤੇ ਤ੍ਰੈਮਾਸਕ ਪੱਤਰਾਂ ਦੀ ਅਤਿਅੰਤ ਲੋੜ ਹੈ।

ਤੁਹਾਡੇ ਪਰਵੇਸ਼ ਅੰਕ ਵਿਚ ਬੜੀ ਮੁਲਵਾਨ ਸਮੱਗਰੀ ਪਹਿਲੀ ਵਾਰ ਏਸ ਰੂਪ ਵਿਚ ਇਕੱਤਰ ਹੋਈ ਹੈ। ਏਸ ਇਤਿਹਾਸਕ ਘਟਨਾ ਪ੍ਰਤੀ ਪਾਠਕਾਂ ਨੂੰ ਸੁਚੇਤ ਰੱਖਣ ਦਾ ਇਕ ਸੁਚੱਜਾ ਯਤਨ ਹੈ। ਥੋੜ੍ਹੇ ਬਹੁਤੇ ਫੇਰ ਬਦਲ ਨਾਲ ਅੱਜ ਸਥਿਤੀ ਵਿਚ ਕੁਝ ਸੁਧਾਰ ਹੋਇਆ ਜ਼ਰੂਰ ਜਾਪਦਾ ਹੈ, ਪਰ ਮੂਲਕ ਸਮੱਸਿਆਵਾਂ ਦੀ ਬੁਨਿਆਦੀ ਪ੍ਰਕਿਰਤੀ ਅਜੇ ਵੀ ਨਹੀਂ ਬਦਲੀ।

ਰਵਿੰਦਰ ਰਵੀ, ਟੈਰਿਸ, ਬੀ.ਸੀ.


# Majestic Insurance Sales Corp.

Insurance brokers for all needs

* LIFE * DISABILITY * GROUP *
* HOMEOWNERS * AUTOMOBILE *
* COMMERCIAL * BUSINESS *

Amar B. Singh BSc. M.A.(Econ.)

9209 - 34 Ave.
Edmonton, Alberta T6E 5T5
Ph.: (403) 461-1996

# DEVINDERJIT (DAVE) SINGH PUREWAL

(Barrister, Solicitor & Notary Public)

ਦਵਿੰਦਰਜੀਤ (ਡੇਵ) ਸਿੰਘ ਪੁਰੇਵਾਲ

Ph.: (403) 462-7555

General Practice of Law Including -

* ਕ੍ਰਿਮੀਨਲ (Criminal) * ਇਮੀਗਰੇਸ਼ਨ (Immigration)
* ਰੀਅਲ ਅਸਟੇਟ ਤੇ ਮੋਰਗੇਜ਼ (Real Estate & Mortgage)
* ਵਿੱਲ ਤੇ ਅਸਟੇਟ (Will & Estate) * ਸਿਵਲ (Civil)
* ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
* ਨਿਜੀ ਸੱਟਾਂ ਦੇ ਕਲੇਮ (Personal Injury Claims)

Milwood Office : 9209 - 34th Ave. Edmonton, Alta. T6E 5T5

ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ

# Jay's Travel Ltd.

Edmonton, Alta.
Low world wide fares

*Holiday Travel * Car & Hotel Reservation * Airlines Tickets * Ticket Delivery * Business Travel * Travel Insurance * Cruises * Major Credit Cards Accepted

Specializing in Tours & Travel to Indian Subcontinent

ਘੱਟ ਤੋਂ ਘੱਟ ਕਿਰਾਏ ਵਿਚ ਦੁਨੀਆਂ ਭਰ ਲਈ ਟਿਕਟਾਂ ਖਰੀਦਣ ਲਈ ਚਲੇ ਆਓ। ਇੰਡੀਆ ਲਈ ਟੂਰ ਤੇ ਸੈਰ ਵਾਸਤੇ ਜਾਣ ਲਈ ਵਿਸ਼ੇਸ਼ ਸਹੂਲਤਾਂ ਹਨ।

9209 - 34th Ave. 461-6666
10421 - 80th Ave. 432-7017

Toll Free (Alberta) 1-800-262 9062

## 'ਵਤਨ' ਦਾ ਪ੍ਰਵੇਸ਼ ਅੰਕ ਵਿਸ਼ੇਸ਼ ਅੰਕ

ਪਹਿਲਾਂ 'ਵਤਨੋਂ ਦੂਰ' ਤੇ ਹੁਣ 'ਵਤਨ'। ਕਨੇਡਾ ਦੇ ਭਾਵਕ ਤੇ ਸੂਖਮ ਪੰਜਾਬੀਆਂ ਨੂੰ ਦੂਰੀ ਮਨਜ਼ੂਰ ਨਹੀਂ। ਮੀਲਾਂ ਦੀ ਦੂਰੀ ਤਾਂ ਬੇ-ਵਸੀ ਬਣ ਕੇ ਰਹਿ ਗਈ ਹੈ ਪਰ ਵਸ ਦੀ ਗੱਲ ਬੇ-ਵਸ ਕਿਉਂ ਹੋਣ ਦਿੱਤੀ ਜਾਵੇ। ਵਤਨ ਦੀ ਮਿੱਟੀ ਦਾ ਮੋਹ ਹੀ ਤਾਂ ਹੈ ਜਿਹੜਾ ਵਿਦੇਸ਼ੀਆਂ ਨੂੰ ਆਪਣੇ ਪਿਛੋਕੜ ਨਾਲ ਜੋੜੀ ਰੱਖ ਰਿਹਾ ਹੈ। ਜਿੰਨੀ ਦੂਰ ਜਿਆਦਾ ਉਨੀ ਖਿੱਚ ਜਿਆਦਾ। ਕਨੇਡਾ ਦੇ ਪੜ੍ਹੇ ਲਿਖੇ ਪੰਜਾਬੀ ਆਪਣੇ ਪਹਿਲੇ ਪੰਜਾਬ ਨੂੰ ਹੂ-ਬਹੂ ਕਾਇਮ ਰੱਖਣ ਲਈ ਕੋਈ ਨਾ ਕੋਈ ਹੀਲਾ ਜਾਂ ਆਪਣੇ ਢੰਗ ਨਾਲ ਜੀਣ ਦਾ ਵਸੀਲਾ ਕਰਦੇ ਰਹਿੰਦੇ ਹਨ।

ਪੰਜਾਬੀ ਬੋਲੀ, ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਸਾਂਭਣ ਅਤੇ ਫੈਲਾਉਣ ਲਈ ਕਨੇਡਾ ਦੇ ਪੰਜਾਬੀ ਵਿਦੇਸ਼ਾਂ ਵਿੱਚ ਰਹਿੰਦੇ ਬਾਕੀ ਸਾਰੇ ਪੰਜਾਬੀਆਂ ਨਾਲੋਂ ਜਿਆਦਾ ਯਤਨਸ਼ੀਲ ਰਹਿੰਦੇ ਹਨ। ਇਕ ਦੂਜੇ ਤੋਂ ਕਾਫੀ ਦੂਰੀ ਤੇ ਹੋਣ ਦੇ ਬਾਵਜੂਦ ਵੀ ਸਾਹਿਤਕ ਸਰਗਰਮੀਆਂ ਲਈ ਪੜ੍ਹੇ ਲਿਖੇ ਪੰਜਾਬੀ ਅਕਸਰ ਇਕੱਠੇ ਹੋ ਜਾਂਦੇ ਹਨ। ਕੋਈ ਨਾ ਕੋਈ ਅਜਿਹੀ ਗਤੀਵਿਧੀ ਚਲਦੀ ਹੀ ਰਹਿੰਦੀ ਹੈ ਜਿਹੜੀ ਇਹਨਾਂ ਦੇ ਸਾਹਿਤ ਨਾਲ ਮੋਹ ਦਾ ਸਬੂਤ ਦੇਂਦੀ ਹੈ। ਬਹਾਦਰ ਪੰਜਾਬੀਆਂ ਦੇ ਕੁਰਬਾਨੀਆਂ ਭਰੇ ਇਤਿਹਾਸਕ ਪਿਛੋਕੜ ਵਿਚੋਂ ਸੰਸਾਰ ਪ੍ਰਸਿੱਧ ਘਟਨਾਵਾਂ ਨੂੰ ਆਪਣੇ ਅੰਗ-ਸੰਗ ਰੱਖਣਾ ਤੇ ਨਵੀਂ ਪੀੜੀ ਨੂੰ ਇਸ ਤੋਂ ਜਾਣੂ ਕਰਾਉਣ ਦੇ ਦ੍ਰਿੜ ਇਰਾਦੇ ਨਾਲ, ਸਭਿਆਚਾਰ ਦੇ ਮੋਹ ਵਿੱਚ ਭਿਜੇ ਕਨੇਡਾ ਦੇ ਪੰਜਾਬੀ ਸਾਹਿਤਕਾਰਾਂ ਨੇ ਇਕ ਵਾਰੀ ਫਿਰ ਦਸ ਦਿੱਤਾ ਹੈ ਕਿ ਉਹ ਕਿੰਨੇ ਸਿਰੜ ਅਤੇ ਉੱਦਮ ਵਾਲੇ ਪੰਜਾਬੀ ਹਨ।

ਪੰਜਾਬੀ ਸਭਿਆਚਾਰ ਨੂੰ ਸਾਂਭਣ ਦੇ ਉਪਰਾਲੇ ਨਾਲ 'ਵਤਨ' ਹੋਂਦ ਵਿੱਚ ਆਇਆ ਹੈ। ਇਸ ਦੇ ਸੰਪਾਦਕ ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ ਦਾ ਉੱਦਮ ਕਿੰਨਾ ਸੁਹਿਰਦ ਹੈ, 'ਵਤਨ' ਦੇ ਪਹਿਲੇ ਅੰਕ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ। ਇਹ ਪਲੇਠਾ ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ ਇਕ ਖੋਜ ਭਰਪੂਰ ਤੇ ਇਤਿਹਾਸਕ ਦਸਤਾਵੇਜ਼ ਬਣ ਕੇ ਸਾਹਮਣੇ ਆਇਆ ਹੈ।

ਪੌਣੀ ਸਦੀ ਬਾਅਦ ਹਿੰਦੁਸਤਾਨੀ ਕਮਿਊਨਿਟੀ ਨੇ ਕਾਮਾਗਾਟਾ ਮਾਰੂ ਦੇ ਮੁਸਾਫਰਾਂ ਦੀ ਯਾਦ ਨੂੰ ਸ਼ਰਧਾਂਜਲੀ ਅਰਪਣ ਕਰਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦੇ ਸੰਬੰਧ ਵਿੱਚ ਹੀ 'ਵਤਨ' ਦਾ ਕਾਮਾਗਾਟਾ ਮਾਰੂ ਵਿਸ਼ੇਸ਼ ਅੰਕ ਹਾਜ਼ਰ ਹੋਇਆ ਹੈ। ਇਸ ਅੰਕ ਨੂੰ ਪਾਠਕਾਂ ਤੱਕ ਪਹੁੰਚਾਣ ਲਈ ਸੰਪਾਸਕਾਂ ਦੀ ਮਿਹਨਤ ਅਤੇ ਖੋਜ ਮੂੰਹੋਂ ਬੋਲਦੀ ਹੈ। ਕਾਮਾਗਾਟਾ ਮਾਰੂ ਜਹਾਜ਼ ਦੇ ਸਾਰੇ ਮੁਸਾਫਰਾਂ ਦੀ ਸੂਚੀ ਦਿੱਤੀ ਗਈ ਹੈ, ਇਹਨਾਂ ਦੇ ਨਾਂ, ਪਿੰਡ ਅਤੇ ਜਿਲਾ ਤਰਤੀਬਵਾਰ ਲਿਖਿਆ ਹੋਇਆ ਹੈ। 1914 ਵਿੱਚ ਛਪੀ 'ਦੀ ਹਿੰਦੁਸਤਾਨੀ' ਦੀ ਸੰਪਾਦਕੀ ਵੀ ਅਨੁਵਾਦ ਕਰਕੇ ਹੂ-ਬਹੂ ਦ੍ਰਿਸ਼ ਪੇਸ਼ ਕੀਤਾ ਹੈ। ਇਸ ਇਤਿਹਾਸਕ ਦਸਤਾਵੇਜ਼ ਨੂੰ ਪੜ ਕੇ ਅਤੇ ਆਪਣੇ ਆਪ ਨੂੰ ਇਸ ਸਾਕੇ ਨਾਲ ਜੋੜਕੇ ਹਰ ਪੰਜਾਬੀ ਮਾਣ ਮਹਿਸੂਸ ਕਰਦਾ ਹੈ। ਇਸ ਮੁਸਾਫਰਾਂ ਨਾਲ ਭਰੇ ਜਹਾਜ਼ ਦੀਆਂ ਤਸਵਰਿਾਂ ਛਾਪ ਕੇ 68 ਪੰਨਿਆਂ ਵਾਲੇ ਇਸ ਮੈਗਜ਼ੀਨ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਇਆ ਹੈ। ਕਾਮਗਾਟਾ ਮਾਰੂ ਦੇ ਹਾਂਗਕਾਂਗ ਤੋਂ ਵੈਨਕੂਵਰ ਪਹੁੰਚਣ ਤੇ ਵਾਪਸੀ ਕਲਕੱਤਾ ਪਹੁੰਚਣ ਦੇ ਰਸਤੇ ਦਾ ਰਜਿੰਦਰ ਸਾਂਗਰਾ ਦਾ ਤਿਆਰ ਕੀਤਾ ਨਕਸ਼ਾ ਵੀ ਦਿੱਤਾ ਗਿਆ ਹੈ। ਸੋਹਨ ਸਿੰਘ ਪੂੰਨੀ, ਸੂਫੀ ਅਮਰਜੀਤ ਅਤੇ ਕੇਸਰ ਸਿੰਘ ਗਿਆਨੀ ਨੇ ਆਪਣੇ ਲੇਖਾਂ ਰਾਹੀਂ ਵਿਸ਼ੇਸ਼ ਯੋਗਦਾਨ ਪਾਇਆ ਹੈ। ਸਾਧੂ ਅਤੇ ਸੁਖਵੰਤ ਹੁੰਦਲ ਦੀ ਵਿਸ਼ੇਸ਼ ਕੋਸ਼ਿਸ਼ ਦੇ ਨਾਲ ਨਾਲ, ਅਜਮੇਰ ਰੋਡੇ, ਸੁਰਿੰਦਰ ਧੰਜਲ, ਮੰਗਾ ਬਾਸੀ ਅਤੇ ਗੁਰਦੇਵ ਸਿੰਘ ਦਿਲੋਂ ਯਕਦਮ ਨੇ ਆਪਣੀਆਂ ਕਵਿਤਾਵਾਂ ਨਾਲ ਇਸ ਵਿਸ਼ੇਸ਼ ਅੰਕ ਨੂੰ ਪਾਠਕਾਂ ਦੀ ਪਸੰਦ ਦਾ ਬਣਾ ਕੇ ਇਕ ਵੱਡਮੁੱਲਾ ਕੰਮ ਕੀਤਾ ਹੈ। ਜਿਹੜਾ ਕੰਮ ਨਾ ਤਾਂ ਪੰਜਾਬ ਸਰਕਾਰ ਕਰ ਸਕੀ ਹੈ ਅਤੇ ਨਾ ਹੀ ਪੰਜਾਬੀਆਂ ਤੋਂ ਹੋਇਆ ਹੈ ਉਹ ਮੁੱਠੀ ਭਰ ਸੁਹਿਰਦ ਤੇ ਸਿਰੜੀ ਲੇਕਕਾਂ ਨੇ ਕਰ ਵਿਖਾ੍ਇਆ ਹੈ। ਇਹ ਪੰਜਾਬੀ ਪਾਠਕਾਂ ਅਤੇ ਇਤਿਹਾਸ ਦੀ ਖੋਜ ਕਰਨ ਵਾਲੇ ਵਿਦਿਆਰਥੀਆਂ ਲਈ ਸਾਂਭਣ ਯੋਗ ਦਸਤਾਵੇਜ਼ ਹੈ।

ਜਨਕਰਾਜ ਸਿੰਘ, ਸੰਪਾਦਕ 'ਸਿਰਨਾਵਾਂ'
(ਸਿਰਨਾਵਾਂ 'ਚੋਂ ਧੰਨਵਾਦ ਸਹਿਤ)


BOOK NOW
FLY LATER SAVE MONEY
SPECIAL FARES TO:
San Francisco Toronto London
Cheapest Fares To New Delhi, Bombay, Madras, Calcutta, Karachi, Colombo & Kathmandu
AUTHORIZED AGENTS FOR.
CATHAY PACIFIC
AIR CANADA
JAPAN AIR LINES
Canadian Wardair Canada KLM
Goyal Travels Inc.
4152 Fraser St. Vancouver, B.C.
V5V 4E8
Toll Free From B.C., Alberta, Saskatchewan & Manitoba
1-800-663-8638
CALGARY
Ph.(403) 235-6808
TORONTO
(416) 593-6966


*ਸ਼ਿਪਾਹੀ ਦੀ ਬਾਕੀ*

ਨਾਲ ਅੱਟੀ ਪਈ ਸੀ। ਉਸ ਦੇ ਲਾਗੇ ਹੀ ਦੁਕਾਨ 'ਤੇ ਬੈਠੇ ਇਕ ਦੁਕਾਨਦਾਰ ਨੂੰ ਇਸ ਯਾਦਗਾਰ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗਾ, "ਮਾਲੂਮ ਨਹੀਂ,...ਬੋਲਤਾ...ਕੋਈ ਪੰਜਾਬੀ ਬਾ, ਅੰਗਰੇਜ਼ ਕੇ ਸਾਥ ਲੜਾਈ ਕਰਤਾ...।"

ਸਾਨੂੰ ਕੈਨੇਡੀਅਨ ਪੰਜਾਬੀਆਂ ਨੂੰ, ਭਾਰਤੀਆਂ ਨੂੰ ਚਾਹੀਦਾ ਹੈ ਕਿ ਇਸ ਮਸਲੇ ਬਾਰੇ ਵੀ ਕੁਝ ਸੋਚਣ।

* * * * * *

ਸਫ਼ਾ 2 ਦੀ ਬਾਕੀ

ਜਾਵੇ। ਹੁਣ ਤੱਕ ਸਾਡੇ ਇਤਿਹਾਸ ਬਾਰੇ ਜੋ ਸਾਨੂੰ ਮਿਲਦਾ ਹੈ ਉਹ ਕੈਨੇਡੀਅਨ ਲੋਕਾਂ ਦੀਆਂ ਲਾਇਬਰੇਰੀਆਂ ਵਿੱਚੋਂ ਹੀ ਮਿਲਦਾ ਹੈ। ਕੈਨੇਡਾ ਦੀ ਪੰਜਾਬੀ ਕਮਿਊਨਿਟੀ ਅਮੀਰ ਵਿਰਸੇ ਵਾਲੀ ਤੇ ਆਰਥਿਕ ਪੱਖੋਂ ਹੀ ਨਹੀਂ ਸੂਝ ਪੱਖੋਂ ਵੀ ਅਮੀਰ ਕਮਿਊਨਿਟੀ ਹੈ, ਕੋਈ ਵਜਾ ਨਹੀਂ ਹੈ ਕਿ ਅਸੀਂ ਇਹ ਰਸਮ ਚਾਲੂ ਨਾ ਕਰ ਸਕੀਏ। ਲੋੜ ਸਿਰਫ ਇਸ ਪਾਸੇ ਧਿਆਨ ਦੇਣ ਦੀ ਹੈ।

ਸਾਡਾ ਦੂਜਾ ਸੁਝਾਅ ਹੈ ਕਿ ਮੇਵਾ ਸਿੰਘ ਦਾ ਕੇਸ ਸਮੁੱਚੇ ਕੈਨੇਡੀਅਨ ਲੋਕਾਂ ਅੱਗੇ ਪੇਸ਼ ਕੀਤਾ ਜਾਵੇ ਜਿਸ ਵਿਚ ਇਹ ਮੰਗ ਹੋਵੇ ਕਿ ਕੈਨੇਡੀਅਨ ਇਤਿਹਾਸ ਵਿਚ ਮੇਵਾ ਸਿੰਘ ਦਾ ਦਰਜਾ ਇਕ ਨਾਇਕ ਵਾਲਾ ਹੋਣਾ ਚਾਹੀਦਾ ਹੈ ਨਾਂ ਕਿ ਇਕ ਕਾਤਲ ਵਾਲਾ।

ਅਖੀਰ ਵਿਚ ਅਸੀਂ ਇਹ ਸੁਝਾਅ ਦੇਣਾ ਚਾਹੁੰਦੇ ਹਾਂ ਕਿ ਕੈਨੇਡਾ ਵਿਚ ਛੇਤੀਂ ਹੀ ਭਾਰਤੀ ਕਮਿਊਨਿਟੀ ਦੀ 100ਵੀਂ ਵਰ੍ਹੇ ਗੰਢ ਆਉਣ ਵਾਲੀ ਹੈ। ਇਸ ਇਤਿਹਾਸਕ ਮੌਕੇ ਨੂੰ ਸਹੀ ਤਰੀਕੇ ਨਾਲ ਯਾਦ ਕਰਨ ਲਈ ਸਾਨੂੰ ਹੁਣ ਤੋਂ ਹੀ ਤਿਆਰੀਆਂ ਅਰੰਭ ਕਰਨੀਆਂ ਚਾਹੀਦੀਆਂ ਹਨ।

* * * * * *

ਪਿਛਲੇ ਕੁੱਝ ਸਮੇਂ ਦੌਰਾਨ ਕੈਨੇਡਾ ਦੇ ਪੰਜਾਬੀ ਇਤਿਹਾਸਕ ਨਾਵਲਕਾਰ ਗਿਆਨੀ ਕੇਸਰ ਸਿੰਘ ਨੇ ਡਾ: ਹਿਊ ਜਾਹਨਸਟਨ ਦੀ ਕਾਮਾਗਾਟਾ ਮਾਰੂ ਬਾਰੇ ਲਿਖੀ ਕਿਤਾਬ 'ਦੀ ਵੋਆਏਜ਼ ਆਫ ਕਾਮਾਗਾਟਾ ਮਾਰੂ' ਦੇ ਸਬੰਧ ਵਿਚ ਲਿਖ ਕੇ ਕੁੱਝ ਨੁਕਤੇ ਉਠਾਏ ਸਨ। ਇਹਨਾਂ ਨੁਕਤਿਆਂ ਦਾ ਡਾਕਟਰ ਜਾਹਨਸਟਨ ਨੇ ਲਿਖਤੀ ਰੂਪ ਵਿਚ ਗੰਭੀਰ ਜਵਾਬ ਵੀ ਦਿੱਤਾ ਸੀ। ਗਿਆਨੀ ਕੇਸਰ ਸਿੰਘ ਹੋਰੀਂ ਸਾਡੇ ਬਜ਼ੁਰਗ ਸਾਹਿਤਕਾਰ ਹਨ ਜੋ ਆਪਣੇ ਜੀਵਨ ਦਾ ਤਜ਼ਰਬਾ, ਆਪਣੀ ਖੋਜ, ਆਪਣੀਆਂ ਲਿਖਤਾਂ ਰਾਹੀਂ ਸਾਡੇ ਤੱਕ ਪਹੁਚਾ ਰਹੇ ਹਨ। ਉਹਨਾਂ ਦਾ ਥਾਂ ਸਤਿਕਾਰ ਵਾਲਾ ਹੈ। ਡਾਕਟਰ ਜਾਹਨਸਟਨ ਦੀ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕਰਨ ਦੇ ਨਾਲ ਨਾਲ ਗਿਆਨੀ ਹੋਰੀਂ ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ ਨੂੰ ਵੀ ਇਸ ਬਾਰੇ ਆਪਣੀ ਰਾਏ ਅਤੇ ਸੁਝਾਅ ਦਿੱਤੇ। ਜਵਾਬ ਵਿਚ ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਵਲੋਂ ਗਿਆਨੀ ਕੇਸਰ ਸਿੰਘ ਨੂੰ ਫੋਨ ਉੱਤੇ ਗਾਲ੍ਹਾਂ ਕੱਢੀਆਂ ਗਈਆਂ ਹਨ। ਚਾਹੀਦਾ ਇਹ ਸੀ ਕਿ ਜੇ ਖਾਲਸਾ ਦੀਵਾਨ ਸੁਸਾਇਟੀ ਗਿਆਨੀ ਕੇਸਰ ਸਿੰਘ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਸੀ ਤਾਂ ਉਹ ਵੀ ਡਾਕਟਰ ਜਾਹਨਸਟਨ ਵਾਂਗ ਆਪਣੇ ਵਿਚਾਰ ਲਿਖ ਕੇ ਲੋਕਾਂ ਅੱਗੇ ਪੇਸ਼ ਕਰ ਦਿੰਦੇ। ਇਹ ਇਕ ਸਭਿੱਅ ਤਾਰੀਕਾ ਹੋਣਾ ਸੀ। ਇਸਦੇ ਨਾਲ ਕਮਿਊਨਟੀ ਦੇ ਲੋਕ ਦੋਹਾਂ ਧਿਰਾਂ ਦੇ ਵਿਚਾਰ ਪੜ੍ਹ ਆਪਣਾ ਮਨ ਬਣਾ ਸਕਦੇ ਸਨ। ਪਰ ਜਿਸ ਤਰ੍ਹਾਂ ਹੁਣ ਉਨ੍ਹਾਂ ਕੇਸਰ ਸਿੰਘ ਦੇ ਉਠਾਏ ਸੁਆਲਾਂ ਦਾ ਜੁਆਬ ਗਾਲ੍ਹਾਂ ਨਾਲ ਦਿੱਤਾ ਹੈ ਇਹ ਇਕ ਬਹੁਤ ਹੀ ਅਫਸੋਸਨਾਕ ਘਟਨਾ ਹੈ। ਪੰਜਾਬੀ ਕਮਿਊਨਟੀ ਦੀ ਬੌਧਿਕ ਕੰਗਾਲੀ ਦਾ ਇਸ ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ?

* * * * * *

ਸਤੰਬਰ ਮਹੀਨੇ ਵਿਚ ਸਥਾਨਕ ਅਖਬਾਰਾਂ ਵਿਚ ਇਕ ਲੇਖ ਛਪਿਆ ਹੈ ਜਿਸ ਵਿਚ ਇਹ ਕਿਹਾ ਗਿਆ ਹੈ ਕਿ 1914 ਵਿਚ ਅਮਰੀਕਾ ਵਿਚੋਂ ਹਿੰਦੁਸਤਾਨ ਨੂੰ ਅਜ਼ਾਦ ਕਰਾਉਣ ਲਈ ਉੱਠੀ 'ਗਦਰ ਲਹਿਰ' ਖਾਲਿਸਤਾਨ ਦਾ ਬੀਜ ਸੀ। ਇਹ ਗੱਲ ਧਾਰਮਿਕ ਤੰਗਨਜਰਾਂ ਵਲੋਂ ਇਤਿਹਾਸ ਨੂੰ ਤੋੜ ਮਰੋੜ ਕੇ ਆਪਣੇ ਹਿਤਾਂ ਲਈ ਵਰਤਣ ਦੀ ਕੋਸ਼ਿਸ਼ ਤੋਂ ਵੱਧ ਕੁੱਝ ਵੀ ਨਹੀਂ। ਹੁਣ ਤੱਕ ਮਿਲਦੀਆਂ ਇਤਿਹਾਸਕ ਗਵਾਹੀਆਂ ਦੇ ਆਧਾਰ ਤੇ ਇਹ ਗੱਲ ਸਪੱਸ਼ਟ ਹੈ ਕਿ ਗਦਰ ਲਹਿਰ ਇਕ ਸੈਕੂਲਰ ਲਹਿਰ ਸੀ ਜਿਸ ਵਿਚ ਵੱਖ ਵੱਖ ਧਰਮਾਂ ਦੇ ਲੋਕ ਸ਼ਾਮਲ ਸਨ ਅਤੇ ਉਨ੍ਹਾਂ ਦਾ ਮਨਸ਼ਾ ਹਿੰਦੁਸਤਾਨ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਅਜ਼ਾਦ ਕਰਾਉਣਾ ਸੀ ਤਾਂ ਕਿ ਹਿੰਦੁਸਤਾਨ ਵਿਚ ਸਾਰੇ ਲੋਕ ਬਿਨ੍ਹਾਂ ਕਿਸੇ ਭੇਦ ਭਾਵ ਦੇ ਸਨਮਾਨ ਭਰਪੂਰ ਅਤੇ ਬਰਾਬਰਤਾ ਵਾਲਾ ਜੀਵਨ ਜੀ ਸਕਣ। ਇਹੀ ਕਾਰਨ ਸੀ ਗਦਰ ਲਹਿਰ ਦੇ ਫੇਲ੍ਹ ਹੋਣ ਬਾਅਦ ਗਦਰ ਲਹਿਰ ਦੇ ਬਹੁਤੇ ਸਿਪਾਹੀ ਸਮਾਜਵਾਦੀ ਵਿਚਾਰਧਾਰਾ ਵਲ ਪ੍ਰੇਰੇ ਗਏ ਸਨ। ਇਨ੍ਹਾਂ ਧਾਰਮਿਕ ਤੰਗਨਜ਼ਰਾਂ ਵਲੋਂ ਇਤਿਹਾਸ ਨੂੰ ਆਪਣੇ ਚੌਖਟੇ 'ਚ ਫਿਟ ਕਰਨ ਦੀ ਇਹ ਪਹਿਲੀ ਕੋਸ਼ਿਸ਼ ਨਹੀਂ। ਇਸਤੋਂ ਪਹਿਲਾਂ ਇਨ੍ਹਾਂ ਵਲੋਂ ਸ਼ਹੀਦ ਭਗਤ ਸਿੰਘ ਨੂੰ 'ਹਾਈਜੈਕ' ਕਰਨ ਦੀਆਂ ਕਈ ਨਾਕਾਮ ਕੋਸ਼ਿਸ਼ਾਂ ਕੀਤੀਆਂ ਜਾ ਚੁੱਕੀਆਂ ਹਨ। ਸ਼ਾਇਦ ਇਹ ਲੋਕ ਇਸ ਸੋਚ ਉਪਰ ਚਲਦੇ ਹਨ ਕਿ ਜੇ ਵਾਰ ਵਾਰ ਝੂਠ ਬੋਲਿਆ ਜਾਵੇ ਤਾਂ ਉਹ ਸੱਚ ਬਣ ਜਾਂਦਾ ਹੈ। ਸਾਨੂੰ ਚਾਹੀਦਾ ਹੈ ਕਿ ਇਤਿਹਾਸ ਨੂੰ ਆਪਣੀ ਮਰਜੀ ਨਾਲ ਪੇਸ਼ ਕਰਨ ਦੀ ਬਜਾਏ ਇਤਿਹਾਸ ਤੋਂ ਕੁਝ ਸਿਖੀਏ ਤੇ ਇਤਿਹਾਸ ਦੀ ਸਿਖਿਆ ਇਹ ਹੈ ਕਿ ਵਾਰ ਵਾਰ ਬੋਲਿਆ ਝੂਠ ਵੀ ਸਦਾ ਲਈ ਸੱਚ ਲਈ ਸੱਚ ਨਹੀਂ ਬਣ ਜਾਂਦਾ।

* * * * * *

ਕਾਮਾਗਾਟਾ ਮਾਰੂ ਦੇ ਸੰਬੰਧ ਵਿਚ ਡਾਕਟਰ ਜਸਵੰਤ ਸਿੰਘ ਜਸ (ਬਾਬਾ ਗੁਰਦਿੱਤ ਸਿੰਘ ਬਾਰੇ ਖੋਜ ਭਰਪੂਰ ਪੁਸਤਕ ਦੇ ਲੇਖਕ) ਨੇ 29 ਸਤੰਬਰ ਦੀ ਪੰਜਾਬੀ ਟ੍ਰਿਬਿਊਨ ਵਿਚ ਇਕ "ਬਜ ਬਜ ਦੀ ਖ਼ੂਨੀ ਰਾਤ" ਨਾਂ ਦਾ ਲੇਖ ਲਿਖਿਆ ਹੈ। ਇਸ ਲੇਖ ਦੇ ਅਖੀਰ ਤੇ ਉਹਨਾਂ ਨੇ ਕਲਕੱਤਾ ਵਿਚ ਕਾਮਾਗਾਟਾ ਮਾਰੂ ਬਾਰੇ ਬਣੀ ਯਾਦਗਾਰ ਦੀ ਮੌਜੂਦਾ ਹਾਲਤ ਬਾਰੇ ਲਿਖਿਆ ਹੈ ਜਿਸ ਬਾਰੇ ਸਾਨੂੰ ਸਾਰਿਆਂ ਨੂੰ ਸੋਚਣਾ ਚਾਹੀਦਾ ਹੈ। ਉਹ ਲਿਖਦੇ ਹਨ:

> "ਸੁਤੰਤਰਤਾ ਪ੍ਰਾਪਤੀ ਉਪਰੰਤ ਬਾਬਾ ਗੁਰਦਿੱਤ ਸਿੰਘ ਦੇ ਜ਼ੋਰ ਦੇਣ 'ਤੇ, ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੇ ਡੁੱਲ੍ਹੇ ਹੋਏ ਖ਼ੂਨ ਦੇ ਸਥਾਨ 'ਤੇ ਇਕ ਯਾਦਗਾਰੀ ਬੁਰਜ ਤਿਆਰ ਕੀਤਾ ਗਿਆ ਜਿਸ ਦਾ ਉਦਘਾਟਨ, ਪਹਿਲੀ ਜਨਵਰੀ 1952 ਨੂੰ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਕੀਤਾ। ਬੜੇ ਦੁੱਖ ਦੀ ਗੱਲ ਹੈ ਕਿ ਸ਼ਹੀਦਾਂ ਦੀ ਇਸ ਯਾਦ ਪ੍ਰਤੀ ਸਮੇਂ ਦੀ ਸਰਕਾਰ ਅਤੇ ਸਥਾਨਕ ਵਸੋਂ ਵਲੋਂ ਬੜੀ ਅਨਗਹਿਲੀ ਵਿਖਾਈ ਜਾ ਰਹੀ ਹੈ। ਇਨ੍ਹਾਂ ਸਤਰਾਂ ਦੇ ਲੇਖਕ ਨੂੰ ਉਥੋਂ ਦੀ ਹਾਲਤ ਵੇਖ ਕੇ ਬੜਾ ਦੁੱਖ ਪੁੱਜਾ। ਯਾਦਗਾਰ ਵਾਲੀ ਸਾਰੀ ਥਾਂ ਅਵਾਰਾ ਗਊਆਂ ਦੇ ਗੋਬਰ

ਸਫ਼ਾ 42 'ਤੇ

ਵਤਨ
Fall, 1989
October/November/December

Watan
P.O.Box 67681, Stn. 'O'
Vancouver, B.C., V5W 3V2

TO



ਸੰਤੋਖ ਸਿੰਘ ਗਿੱਲ

ਵਧੀਆ ਤੋਂ ਵਧੀਆ
ਫ਼ਰਨੀਚਰ ਗਰੰਟੀ ਨਾਲ

ਘੱਟ ਤੋਂ ਘੱਟ ਕੀਮਤ ਉਪਰ ਵੇਚਣ ਲਈ
ਕੈਨੇਡਾ ਭਰ ਵਿਚ ਮਸ਼ਹੂਰ ਫ਼ਰਨੀਚਰ ਸਟੋਰ

GILLFORD FURNITURE MART

LIVING ROOM, DINNING ROOM, ਜਾਂ BED ROOM

ਕਿਸੇ ਵੀ ਕਿਸਮ ਦਾ ਫਰਨੀਚਰ ਖਰੀਦਣ ਤੋਂ ਪਹਿਲਾਂ ਸਾਡੇ ਸਟੋਰ ਵਿਚ ਆਕੇ ਸਾਡੀਆਂ ਕੀਮਤਾਂ ਜ਼ਰੂਰ ਚੈੱਕ ਕਰੋ।

ਫਰਨੀਚਰ ਦੀ ਕੋਈ ਵੀ ਆਈਟਮ ਤੁਹਾਡੀ ਫ਼ਰਮਾਇਸ਼ ਉਪਰ ਕੈਨੇਡਾ ਦੇ ਕਿਸੇ ਵੀ ਕੋਨੇ ਵਿਚ ਡਲਿਵਰ ਕੀਤੀ ਜਾ ਸਕਦੀ ਹੈ।

GILLFORD
FURNITUREMART

13442-108th AVENUE, SURREY, B.C. PH: 588-4461

OPEN: MON, TUE, WED, SAT, SUN-10 A.M.-6 P.M.,
THUR & FRI-10 A.M.-9 P.M.

ਵਤਨ

Watan (The Country) is a Literary and Cultural quarterly of Punjabi - the mother tongue of East Punjab (India) and West Punjab (Pakistan) - Published by Watan Publications. The contributors include well-known Punjabi writers throughout the world

ਕੀਮਤ ਦੋ ਡਾਲਰ